# ਅੰਮ੍ਰਿਤ ਕੀਰਤਨ






ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ : 10 ਰੁਪਏ ਅਗਸਤ 1998

# ਅੰਮ੍ਰਿਤ ਕੀਰਤਨ

ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 8 ਸਾਲ ਦਸਵਾਂ ਅਗਸਤ 1998


| | |
|---|---|
| ਮਿੱਤਰ ਅਸਾਡੜੇ ਸੇਈ | 2 |
| ਕਰਉ ਬੇਨੰਤੀਆ | 3 |
| ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਗੀਤਮਈ ਸ਼ਬਦ ਰਚਨਾ<br>ਰਘਬੀਰ ਸਿੰਘ | 4 |
| ਸ੍ਰੀ ਹਰਿਮੰਦਰ ਸਾਹਿਬ ਦੀਆਂ ਕੀਰਤਨ ਚਉਕੀਆਂ<br>ਡਾ. ਮਨਵਿੰਦਰ ਕੌਰ | 7 |
| ਤਬਲੇ ਦਾ ਮਹੱਤਵ<br>ਹਰਭਜਨ ਸਿੰਘ ਧਾਰੀਵਾਲ | 9 |
| ਸਿੱਖ ਧਰਮ ਵਿੱਚ ਸੰਗਤ ਅਤੇ ਕੀਰਤਨ<br>ਡਾ. ਜਾਗੀਰ ਸਿੰਘ | 11 |
| ਨਿਆਰੀ ਖੋਜ– 'ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ'<br>ਡਾ. ਹਰਨੇਕ ਸਿੰਘ ਕਲੇਰ | 16 |
| ਭਾਈ ਸੰਤਾ ਸਿੰਘ ਜੀ ਦੇ ਮਹਾਨ ਰਿਕਾਰਡਾਂ ਪਿੱਛੇ ਰਾਜ਼<br>ਨਿਊਯਾਰਕ ਤੋਂ ਹਰਜਾਪ ਸਿੰਘ ਔਜਲਾ | 18 |
| ਰਾਗ ਮਲ੍ਹਾਰ (ਮੀਆਂ ਮਲ੍ਹਾਰ)<br>ਪ੍ਰਿੰਸੀਪਲ ਦਿਆਲ ਸਿੰਘ | 19 |
| ਰਾਗ ਭੈਰਉ ਬੰਦਨਾ (ਬਿਲੰਬਿਤ ਏਕ ਤਾਲ)<br>ਅਮਰਜੀਤ ਸਿੰਘ | 21 |
| ਸੰਗੀਤ – ਲਿਪੀ – ਚਿੰਨ੍ਹ | 22 |
| Matrimonial | 23 |
| ਜੰਤਰੀ | 24 |


* ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

* 'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ) ਪੀ. ਐਚ. ਡੀ.

ਕਾਰਜਕਾਰੀ ਸੰਪਾਦਕ
ਡਾ. ਤ੍ਰਿਲੋਚਨ ਸਿੰਘ ਤਰਸੀ

ਸਹਿਯੋਗੀ
ਸ. ਹਰਭਜਨ ਸਿੰਘ ਚੋਪੜਾ
ਸ. ਜੋਤਿੰਦਰ ਸਿੰਘ ਸੋਹਲ
ਡਾ. ਕਰਨੈਲ ਸਿੰਘ ਸੋਮਲ
ਡਾ. ਹਰਨੇਕ ਸਿੰਘ ਕਲੇਰ
ਸ. ਉੱਤਮ ਸਿੰਘ
ਪ੍ਰੋ. ਸਤਵਿੰਦਰ ਸਿੰਘ

ਚਿੱਤਰਕਾਰ
ਗੁਰਦੀਪ ਸਿੰਘ ਦੀਪ

ਲੇ ਆਉਟ : ਸੋਹਲ ਸਪੈਸ਼ਲਸ

ਸਰਪ੍ਰਸਤ
ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ.)
1051 ਸੈਕਟਰ 27 ਬੀ,
ਚੰਡੀਗੜ੍ਹ
ਫੋਨ– 650696


**ਚੰਦੇ ਦਾ ਵੇਰਵਾ:**

| | |
|---|---|
| ਇਕ ਕਾਪੀ | 10 ਰੁ. |
| ਸਲਾਨਾ | 100 ਰੁ. |
| ਜੀਵਨ ਮੈਂਬਰ (15 ਸਾਲ) | 1000 ਰੁ. |
| ਵਿਦੇਸ਼ ਸਲਾਨਾ | 500 ਰੁ. |
| ਜੀਵਨ ਮੈਂਬਰ (15 ਸਾਲ) | 5000 ਰੁ. |


**ਚਿੱਠੀ ਪੱਤਰ ਲਈ ਪਤਾ :**

ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15–ਏ,
ਚੰਡੀਗੜ੍ਹ –160 015
ਫੋਨ : 772660


| ਇਸ਼ਤਿਹਾਰਾਂ ਦਾ ਵੇਰਵਾ | ਦੇਸ |
|---|---|
| ਪਿਛਲਾ ਕਵਰ | 3000 ਰੁ. |
| ਕਵਰ ਦੇ ਅੰਦਰਲੇ ਪੰਨੇ | 1500 ਰੁ. |
| ਸਧਾਰਨ ਪੂਰਾ ਪੰਨਾ | 2000 ਰੁ. |
| ਸਧਾਰਨ ਅੱਧਾ ਪੰਨਾ | 1000 ਰੁ. |
| ਸਧਾਰਨ ਚੌਥਾਈ ਪੰਨਾ | 1000 ਰੁ. |

ਡਾ. ਜਾਗੀਰ ਸਿੰਘ ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਿਰਜ਼ ਅਤੇ ਸਟੇਸ਼ਨਰਜ਼ ਐਸ. ਸੀ. ਐਫ. 107, ਫੇਜ਼–7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15–ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

# ਮਿਤ੍ਰ ਆਸਡੜੇ ਸੇਈ

'ਅੰਮ੍ਰਿਤ ਕੀਰਤਨ' ਵਧੀਆ ਰਸਾਲਾ ਹੈ। ਇਸ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹਾਂ।

ਸ੍ਰੀ ਗੰਗਾ ਨਗਰ — ਹਰਜੀਤ ਸਿੰਘ (ਪ੍ਰੋ)

'ਅੰਮ੍ਰਿਤ ਕੀਰਤਨ' ਸਾਨੂੰ ਸੰਗੀਤ ਅਤੇ ਕੀਰਤਨ ਸਿੱਖਣ ਵਿਚ ਮਦਦ ਦਿੰਦਾ ਹੈ। ਲਾਈਫ ਮੈਂਬਰਸ਼ਿਪ ਲਈ ਮਾਇਆ ਭੇਜ ਰਹੇ ਹਾਂ।

ਚੰਡੀਗੜ੍ਹ — ਹਰਜੀਤ ਚੁੱਘ

ਜੂਨ ਦੇ ਅੰਮ੍ਰਿਤ ਕੀਰਤਨ ਵਿਚ ਡਾ. ਮਨਵਿੰਦਰ ਕੌਰ ਦਾ ਲੇਖ 'ਸ਼ਾਹ ਹੁਸ਼ੈਨ ਦਾ ਸੰਗੀਤ ਵਿਚ ਯੋਗਦਾਨ' ਬਹੁਤ ਹੀ ਸ਼ਲਾਘਾਯੋਗ ਹੈ। ਸ. ਕੁਲਦੀਪ ਸਿੰਘ ਹਉਰਾਂ ਦਾ ਲੇਖ "ਰਾਗੀ ਜੋੜਾ" ਭਾਈ ਸੁਧ ਸਿੰਘ, ਭਾਈ ਪ੍ਰਧਾਨ ਸਿੰਘ ਵੀ ਡੂੰਘੀ ਸੂਝਭਰੀ ਜਾਣਕਾਰੀ ਦਿੰਦਾ ਹੈ। 'ਅੰਮ੍ਰਿਤ ਕੀਰਤਨ' ਹੀ ਹੈ ਜੋ ਕਿ ਵਖਰੇ-ਵਖਰੇ ਵਿਸ਼ਿਆਂ ਤੇ ਸਾਨੂੰ ਜਾਣਕਾਰੀ ਦਿੰਦਾ ਹੈ। ਇਹ ਬਿਲਕੁਲ ਇਸ ਤਰ੍ਹਾਂ ਹੈ ਜਿਵੇਂ ਇੱਕ ਮਾਲੀ ਵੰਨ ਸੁਵੰਨੇ ਰੰਗਾਂ ਦੇ ਖੁਸ਼ਬੂਆਂ ਵਾਲੇ ਸੋਹਣੇ ਸੋਹਣੇ ਫੁੱਲ ਇੱਕਠੇ ਕਰਕੇ ਇੱਕ ਗੁਲਦਸਤਾ ਸਜਾਉਂਦਾ ਹੈ। ਇਹ ਗੁਲਦਸਤਾ ਆਪਣੀ ਮੋਹਣੀ ਖੁਸ਼ਬੂ ਵੰਡਣ ਦੇ ਨਾਲ ਨਾਲ ਉਸ ਸਥਾਨ ਦਾ ਵੀ ਸ਼ਿੰਗਾਰ ਬਣਦਾ ਹੈ ਜਿਸ ਥਾਂ ਤੇ ਇਹ ਪਿਆ ਹੋਵੇ। ਇਹ ਆਪ ਦੀ ਮਿਹਨਤ ਅਤੇ ਲਗਨ ਸਦਕਾ ਹੀ ਹੈ ਆਇਆ ਵਾਹਿਗੁਰੂ ਆਪ ਨੂੰ ਹੋਰ ਸੋਝੀ ਅਤੇ ਲਗਨ ਬਖਸ਼ਣ ਤਾਂ ਜੋ 'ਅੰਮ੍ਰਿਤ ਕੀਰਤਨ' ਹੋਰ ਚੜ੍ਹਦੀ ਕਲਾ ਵਿੱਚ ਜਾਵੇ।

ਵਿਕਾਸਪੁਰੀ ਨਵੀਂ ਦਿੱਲੀ — ਨਰਿੰਦਰ ਧਾਲ ਸਿੰਘ

'ਜੂਨ ਦਾ 'ਅੰਮ੍ਰਿਤ ਕੀਰਤਨ' ਬਹੁਤ ਪੰਸਦ ਆਇਆ। ਇਸ ਵਿੱਚ 'ਆਦਰਸ਼ ਕੀਰਤਨੀਏ ਦੇ ਗੁਣ' ਤੰਤੀਸਾਜ਼ ਤੇ ਗੁਰਮਤ ਸੰਗੀਤ ਅਤੇ ਸ਼ਾਹ ਹੁਸ਼ੈਨ ਦਾ ਸੰਗੀਤ ਵਿੱਚ ਯੋਗਦਾਨ, ਵਿਲਖਣ ਲੇਖ ਸਨ। ਬਬਲੀ ਐਸ. ਸਿੰਘ ਦਾ ਭਾਵਪੂਰਤ ਲੇਖ 'ਕਰ ਕਿਰਪਾ ਮੇਲਹੁ ਰਾਮ' ਅਤੇ ਉਹਨਾਂ ਬਾਰੇ ਜਾਣਕਾਰੀ ਚੰਗੀ ਲੱਗੀ। ਭਾਈ ਸੁਧ ਸਿੰਘ ਭਾਈ ਪ੍ਰਧਾਨ ਸਿੰਘ ਬਾਰੇ ਲੇਖ ਅਜੋਕੇ ਰਾਗੀ ਸਿੰਘਾਂ ਲਈ ਚਾਨਣਮੁਨਾਰਾ ਹੈ। 'ਅੰਮ੍ਰਿਤ ਕੀਰਤਨ' ਸਾਡੇ ਜੀਵਨ ਦਾ ਇੱਕ ਅੰਗ ਬਣ ਗਿਆ ਹੈ ਅਸੀਂ ਇਸ ਦੀ ਚੜ੍ਹਦੀ ਕਲਾ ਲਈ ਕਾਮਨਾ ਕਰਦੇ ਹਾਂ।

ਮਲੋਟ — ਐਮ. ਐਸ. ਸਚਦੇਵਾ

'ਅੰਮ੍ਰਿਤ ਕੀਰਤਨ' ਪੰਥ ਦੀ ਮਹਾਨ ਸੇਵਾ ਕਰ ਰਿਹਾ ਹੈ। ਜੀਵਨ-ਮੈਂਬਰਸ਼ਿਪ ਲਈ ਭੇਟਾ ਭੇਜ ਰਿਹਾ ਹਾਂ।

ਵਿਕਰਮ ਓਵਰਸੀਜ਼ ਨਵੀ ਦਿੱਲੀ — ਬਖਸ਼ੀਸ਼ ਸਿੰਘ

ਜੁਲਾਈ ਅੰਕ ਵਿੱਚ ਡਾ: ਜਗੀਰ ਸਿੰਘ ਨੂੰ ਮਿਲੇ ਸਨਮਾਨ ਦੇ ਸੰਬੰਧ ਵਿੱਚ ਪੜ੍ਹਿਆ ਬੇਹਦ ਖੁਸ਼ੀ ਹੋਈ। ਸਿਖ ਧਰਮ ਵਿੱਚ ਕੀਰਤਨ ਦਾ ਇਤਿਹਾਸ ਤੇ ਮਹੱਤਵ, ਹਿੰਦੁਸਤਾਨੀ ਸੰਗੀਤ ਦੀਆਂ ਪ੍ਰਚਲਿਤ ਗਾਇਨ ਸ਼ੈਲੀਆਂ, ਦਇਆ ਸਿੰਘ ਜੀ ਬਾਰੇ ਲੇਖ ਪੰਸਦ 'ਇੱਕ ਅਪੋਗ ਸਿੱਖ ਦੀ ਵਿਥਿਆ' ਮਨ ਨੂੰ ਟੁੰਬਣ ਵਾਲੀ ਸੀ।

ਮਲੋਟ — ਮੰਗਤ ਸਿੰਘ ਮਸਤਾਨਾ

---


## ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚੋਂ 50 ਸ਼ਬਦਾਂ ਦੀਆਂ ਪ੍ਰੋ: ਤਾਰਾ ਸਿੰਘ ਜੀ ਦੀਆਂ ਵੱਖ-ਵੱਖ ਰਾਗਾਂ ਵਿਚ ਰਚੀਆਂ ਨਿਵੇਕਲੀਆਂ ਸੁਰ ਲਿਪੀਆਂ। ਇਹ ਪੁਸਤਕ ਕੀਰਤਨੀਆਂ ਅਤੇ ਸੰਗੀਤ ਵਿਦਿਆਰਥੀਆਂ ਲਈ ਬੜੀ ਲਾਹੇਵੰਦ ਸਾਬਤ ਹੋਵੇਗੀ।

ਸੰਪਾਦਕ: ਸ੍ਰੀਮਤੀ ਸੁਰਜੀਤ ਕੌਰ ਸੁਪਤਨੀ ਪ੍ਰੋ: ਤਾਰਾ ਸਿੰਘ। ਡਾ. ਗੁਰਨਾਮ ਸਿੰਘ ਪੰਜਾਬੀ ਯੂਨੀ: ਪਟਿਆਲਾ

ਪ੍ਰਕਾਸ਼ਕ : ਅੰਮ੍ਰਿਤ ਕੀਰਤਨ ਟ੍ਰਸਟ, 422, ਸੈਕਟਰ 15-ਏ, ਚੰਡੀਗੜ੍ਹ- 160 015

THE SIKH COURIER (INTERNATIONAL)
A Journal of the Sikh Cultural Society of Great Britain
88 Mollison Way, Edgware, Middlesex (Greater London) U.K.

# ਕਰਉ ਬੇਨੰਤੀਆ

## ਉਸਤਾਦ ਕੀਰਤਨੀਏ: ਬੂਟਾ ਸਿੰਘ ਹੰਸਪਾਲ

ਹੰਸਪਾਲ ਜੀ ਕੋਈ ਇੱਕ ਸਾਲ ਪਹਿਲਾਂ ਮਿਲੇ ਹਨ। ਉਹਨਾਂ ਨਾਲ ਮੇਰੀ ਜਾਣ-ਪਛਾਣ ਉਹਨਾਂ ਦੇ ਇੱਕ ਸ਼ਗਿਰਦ ਹਰਿਮੰਦਰਪਾਲ ਸਿੰਘ ਸਿੱਧੂ ਰਾਹੀਂ ਹੋਈ ਸੀ। ਉਹਨ੍ਹਾਂ ਦੀ ਅਕੈਡਮੀ 'ਹੰਸਪਾਲ ਗੁਰਬਾਣੀ ਸੰਗੀਤ ਅਕੈਡਮੀ' ਦਾ ਜ਼ਿਕਰ ਅਸੀਂ 'ਅੰਮ੍ਰਿਤ ਕੀਰਤਨ' ਵਿੱਚ ਕਰਦੇ ਰਹਿੰਦੇ ਹਾਂ।

ਹੰਸਪਾਲ ਜੀ ਜਦੋਂ ਮਿਲੇ ਤਾਂ ਉਹ ਬੜੇ ਮਿਲਾਪੜੇ ਤੇ ਸਰਲ ਸੁਭਾਅ ਦੇ ਜਾਪੇ ਸਨ। ਗੁਰਬਾਣੀ ਸੰਗੀਤ ਉਹਨਾਂ ਦੇ ਰੋਮ ਰੋਮ ਵਿੱਚ ਰਮਿਆ ਹੋਇਆ ਹੈ। ਉਦੋਂ ਗੱਲਾਂ-ਗੱਲਾਂ ਵਿੱਚ ਉਹਨ੍ਹਾਂ ਨੇ ਸੁਰ, ਅਲਾਪ, ਤਾਨ, ਕੀਰਤਨ, ਕੀਰਤਨੀਆਂ ਆਦਿ ਬਾਰੇ ਅਨੇਕਾਂ ਕੀਮਤੀ ਵਿਚਾਰ ਰਖੇ ਜੋ ਮੈਂ ਆਪਣੀ ਅਣ-ਗਹਿਲੀ ਕਾਰਨ ਨੋਟ ਨਹੀਂ ਕਰ ਸਕਿਆ। ਉਹਨਾਂ ਇਹ ਵੀ ਦੱਸਿਆ ਸੀ ਕਿ ਉਹ ਹਰ ਬੁੱਧਵਾਰ ਸ਼ਾਮ ਨੂੰ ਦਰਬਾਰ ਸਾਹਿਬ ਕੀਰਤਨ ਕਰਦੇ ਹਨ।

ਇੱਕ ਦਿਨ ਦਫਤਰੋਂ ਛੁੱਟੀ ਕਰਕੇ ਘਰ ਜਾਣ ਲਈ ਆਪਣੀ ਕਾਰ ਵਿੱਚ ਬੈਠਾ ਤਾਂ ਰੇਡੀਓ ਲਗਾਇਆ। ਦਰਬਾਰ ਸਾਹਿਬ ਤੋਂ ਕੀਰਤਨ ਰਿਲੇਅ ਹੋ ਰਿਹਾ ਸੀ। ਇਤਨਾਂ ਸੁਰ ਵਿੱਚ ਕੀਰਤਨ, ਬੰਦਸ਼ਾਂ ਬੜੀਆਂ ਪਿਆਰੀਆਂ, ਬੜਾ ਚੰਗਾ ਲੱਗਾ। ਇਹ ਸਮਝ ਨਹੀਂ ਸੀ ਆ ਰਹੀ ਕਿ ਕੌਣ ਕੀਰਤਨ ਕਰ ਰਿਹਾ ਹੈ। ਫਿਰ ਮੈਨੂੰ ਧਿਆਨ ਆਇਆ ਕਿ 'ਅੱਜ ਤਾਂ ਬੁੱਧਵਾਰ' ਹੈ। ਹੋਵੇ ਨਾ ਤਾਂ ਇਹ ਹੰਸਪਾਲ ਹੋਰੀਂ ਹੀ ਹੋਣ। ਪਹਿਲਾਂ ਉਹਨਾਂ ਦਾ ਕੀਰਤਨ ਕਦੀ ਸੁਣਿਆ ਨਹੀਂ ਸੀ। ਉਹਨਾਂ ਨੂੰ ਚਿੱਠੀ ਲਿਖੀ ਤੇ ਤਸਦੀਕ ਹੋਇਆ ਕਿ ਇਹ ਹੰਸਪਾਲ ਜੀ ਦਾ ਹੀ ਕੀਰਤਨ ਸੀ। ਹੰਸਪਾਲ ਜੀ ਦਾ ਸਤਿਕਾਰ ਮੇਰੇ ਮਨ ਵਿੱਚ ਹੋਰ ਵਧ ਗਿਆ।

ਹੁਣ ਮੇਰਾ ਵਿਚਾਰ ਹੈ ਕਿ ਆਪ ਚੋਟੀ ਦੇ ਕੀਰਤਨੀਆਂ ਵਿੱਚ ਸ਼ਾਮਲ ਹੋ ਸਕਦੇ ਹਨ। ਉਹਨਾਂ ਦੀ ਨਿੱਜੀ ਜ਼ਿੰਦਗੀ ਬਾਰੇ ਮੈਨੂੰ ਪਤਾ ਨਹੀਂ। ਉਹਨਾਂ ਬਾਰੇ ਉਹਨਾਂ ਦੇ ਮਿਲਣ-ਗਿਲਣ ਵਾਲਿਆਂ ਦੇ ਕੀ ਵਿਚਾਰ ਹਨ ਇਹ ਵੀ ਮੈਨੂੰ ਪਤਾ ਨਹੀਂ। ਮੈਂ ਜੋ ਕੁੱਝ ਲਿਖ ਰਿਹਾ ਹਾਂ ਇਹ ਕੇਵਲ ਉਹਨਾਂ ਦਾ ਕੀਰਤਨ ਸੁਣ ਕੇ, ਅੱਧੇ ਘੰਟੇ ਦੀ ਮੁਲਾਕਾਤ ਅਤੇ ਉਹਨਾਂ ਦੀ ਚਿੱਠੀ ਉਪੱਰ ਹੀ ਅਧਾਰਤ ਹੈ।

ਸ੍ਰ. ਬੂਟਾ ਸਿੰਘ ਹੰਸਪਾਲ ਜੀ ਨੇ ਕੀਰਤਨ ਨੂੰ ਕਿੱਤੇ ਵਜੋਂ ਨਹੀਂ ਅਪਨਾਇਆ ਹੋਇਆ। ਰੋਜ਼ੀ ਰੋਟੀ ਲਈ ਉਹ ਕਾਰੋਬਾਰ ਕਰਦੇ ਹਨ। ਕੀਰਤਨ ਨਾਲ ਉਹਨਾਂ ਨੂੰ ਬੜਾ ਸਨੇਹ ਹੈ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਇੱਕ ਬੁੱਧਵਾਰ ਸਵੇਰੇ 6.15 ਤੋਂ 7.30 ਤੱਕ ਅਤੇ ਇੱਕ ਬੁੱਧਵਾਰ ਸ਼ਾਮ ਨੂੰ ਰੇਡੀਓ ਬਰਾਡਕਾਸਟ ਦੇ ਸਮੇਂ ਕੀਰਤਨ ਕਰਦੇ ਹਨ। ਹਰ ਸੋਮਵਾਰ ਸਵੇਰੇ 7.15 ਤੋਂ 9 ਵਜੇ ਤੱਕ ਗੁਰਦੁਆਰਾ ਬਾਬਾ ਦੀਪ ਸਿੰਘ ਸ਼ਹੀਦ ਵਿਖੇ ਵੀ ਕੀਰਤਨ ਕਰਦੇ ਹਨ। ਉਹ ਆਪਣੀ ਅਕੈਡਮੀ ਵਿੱਚ ਬਿਲਕੁਲ ਫਰੀ ਕੀਰਤਨ ਸਿਖਾਉਣ ਦੀ ਸੇਵਾ ਕਰਦੇ ਹਨ। ਹਰ ਰੋਜ਼ ਸ਼ਾਮ 5 ਤੋਂ 8.30 ਵਜੇ ਤੱਕ ਕੀਰਤਨ ਸਿਖਾਉਂਦੇ ਹਨ। ਕੇਵਲ ਬੁੱਧਵਾਰ ਨੂੰ ਛੁੱਟੀ ਕਰਦੇ ਹਨ। 5 ਤੋਂ 6.30 ਸ਼ਾਮ ਨੂੰ ਬੀਬੀਆਂ ਅਤੇ 6.30 ਤੋਂ 8.30 ਵਜੇ ਸ਼ਾਮ ਨੂੰ ਵੀਰਾਂ ਨੂੰ ਕੀਰਤਨ ਸਿਖਾਉਂਦੇ ਹਨ। ਆਪ ਕੋਲ 7-8 ਸਾਲ ਦੇ ਬੱਚਿਆਂ ਤੋਂ ਲੈਕੇ 65-70 ਸਾਲ ਤੱਕ ਦੇ ਬਜ਼ੁਰਗ ਕੀਰਤਨ ਸਿੱਖਣ ਆਉਂਦੇ ਹਨ।

ਕੀਰਤਨ ਬਾਰੇ ਆਪ ਦਸਦੇ ਹਨ ਕਿ ਸੁਰ, ਤਾਲ, ਰਾਗ ਤੇ ਸ਼ਬਦ ਉਚਾਰ ਨੂੰ ਅਭਿਆਸ ਦੁਆਰਾ ਸੁਆਰਨਾ ਚਾਹੀਦਾ ਹੈ। ਇਸ ਲਈ ਜਿੰਨਾ ਵੀ ਅਭਿਆਸ ਕੀਤਾ ਜਾਵੇ ਥੋੜ੍ਹਾ ਹੈ। ਜੇ ਕੀਰਤਨ ਵਿੱਚ ਰਸ ਨਹੀਂ ਤਾਂ ਨਾ ਕੀਰਤਨ ਕਰਨ ਵਾਲੇ ਦਾ ਤੇ ਨਾ ਹੀ ਕੀਰਤਨ ਸੁਣਨ ਵਾਲੇ ਦਾ ਮਨ ਜੁੜਦਾ ਹੈ। ਕੀਰਤਨੀਏ ਨੂੰ ਗੁਰ ਸ਼ਬਦ ਦੇ ਅਰਥ ਭਾਵ ਸਮਝ ਕੇ ਸੁਰਾਂ ਦੁਆਰਾ ਵੀ ਭਾਵ ਪ੍ਰਗਟ ਕਰਨਾ ਚਾਹੀਦਾ ਹੈ। ਕੀਰਤਨ ਵਿੱਚ ਸ਼ਬਦ ਦਾ ਭਾਵ ਅਤੇ ਸੁਰ ਦਾ ਭਾਵ ਮਿਲਕੇ ਹੀ ਅਸਲੀ ਰਸ ਉਤਪੰਨ ਹੁੰਦਾ ਹੈ। ਇਸ ਵਾਸਤੇ ਗੁਰਬਾਣੀ ਦੀ ਜਾਣਕਾਰੀ ਹੋਣੀ ਬੜੀ ਜ਼ਰੂਰੀ ਹੈ। ਇਸ ਦੇ ਨਾਲ ਨਾਲ ਸੰਗੀਤ ਦੀ ਸਿੱਖਿਆ ਤੇ ਸੁਰ ਦਾ ਅਭਿਆਸ ਰੋਜ਼ਾਨਾ ਕਰਨਾ ਚਾਹੀਦਾ ਹੈ। ਸੁਰ ਦਾ ਅਭਿਆਸ ਕਿਸੇ ਚੰਗੇ ਅਧਿਆਪਕ ਦੀ ਦੇਖ-ਰੇਖ ਹੇਠ ਕਰਨਾ ਚਾਹੀਦਾ ਹੈ। ਇਸ ਦੀ ਜਾਣਕਾਰੀ ਪੁਸਤਕਾਂ ਤੋਂ ਨਹੀਂ ਹੋ ਸਕਦੀ। ਪੁਸਤਕਾਂ ਵਿਚੋਂ ਕੇਵਲ ਵਿਆਕਰਨ ਜਾਂ ਸਿਧਾਂਤ ਬਾਰੇ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ। ਪਰ ਸੰਗੀਤ ਦੀ ਸਿੱਖਿਆ ਆਪਣੇ ਅਧਿਆਪਕ ਕੋਲ ਸ਼ਰਧਾ ਨਾਲ ਬੈਠ ਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ।

'ਅੰਮ੍ਰਿਤ ਕੀਰਤਨ' ਰਾਹੀਂ ਅਸੀ ਸ੍ਰ. ਬੂਟਾ ਸਿੰਘ ਜੀ ਨੂੰ ਸਤਿਕਾਰ ਭੇਟ ਕਰਦੇ ਹਾਂ। ਉਹਨਾਂ ਦੀ ਲੰਮੀ ਉਮਰ ਤੇ ਸਿਹਤਯਾਬੀ ਲਈ ਅਰਦਾਸ ਕਰਦੇ ਹਾਂ। ਅੰਮ੍ਰਿਤਸਰ ਵਿਖੇ ਰਹਿੰਦੇ ਕੀਰਤਨੀਆਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਸ੍ਰ. ਬੂਟਾ ਸਿੰਘ ਹੰਸਪਾਲ ਕੋਲੋਂ ਜ਼ਰੂਰ ਕੁਝ ਨਾ ਕੁਝ ਸਿੱਖਣ ਅਤੇ ਆਪਣੀ ਕੀਰਤਨ ਕਲਾ ਵਿੱਚ ਸੁਧਾਰ ਕਰਨ। ਸ੍ਰ. ਬੂਟਾ ਸਿੰਘ ਜੀ ਅਕੈਡਮੀ ਦਾ ਐਡਰੈਸ ਹੈ:-

ਹੰਸਪਾਲ ਗੁਰਬਾਣੀ ਸੰਗੀਤ ਅਕੈਡਮੀ,
232, ਈਸਟ ਮੋਹਨ ਨਗਰ, ਅੰਮ੍ਰਿਤਸਰ
ਫੋਨ ਨੰ: 231540

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਗੀਤਮਈ ਸ਼ਬਦ ਰਚਨਾ

**ਰਘਬੀਰ ਸਿੰਘ**

ਸੰਗੀਤ ਇਕ ਸਭ ਤੋਂ ਉਚੀ ਅਤੇ ਅਜਿਹੀ ਕੋਮਲ ਕਲਾ ਹੈ, ਜਿਸਦੇ ਮਾਧਅਮ ਰਾਹੀਂ, ਗੁਰਬਾਣੀ ਸਾਡੇ ਲੂੰ ਲੂੰ ਵਿਚ ਵਸ ਜਾਂਦੀ ਹੈ। ਜਿਵੇਂ ਫੁੱਲ ਦੀ ਸੁੰਦਰਤਾ ਉਸਦੀ ਸੁਗੰਧ ਦੁਆਰਾ ਸਾਨੂੰ ਵਧੇਰੇ ਮੋਹ ਲੈਂਦੀ ਹੈ ਉਸੇ ਤਰ੍ਹਾਂ ਸੰਗੀਤ ਵਿਚ ਪੜ੍ਹੀ ਗਈ ਜਾਂ ਗਾਈ ਗਈ ਗੁਰਬਾਣੀ ਸਾਡੀ ਅੰਤਰ-ਆਤਮਾ ਨੂੰ ਪ੍ਰਫੁਲਤ ਕਰਕੇ ਸਾਨੂੰ ਅਕਾਲ ਪੁਰਖ ਨਾਲ ਜੋੜ ਦਿੰਦੀ ਹੈ। ਸਾਡੇ ਪੁਰਾਤਨ ਵੇਦ ਸ਼ਾਸਤ੍ਰਾਂ ਵਿਚ ਸੰਗੀਤ ਦਾ ਉਤਮ ਸਥਾਨ ਹੈ। ਇਸੇ ਕਾਰਨ ਗੁਰੂ ਗ੍ਰੰਥ ਸਾਹਿਤ ਦੇ ਸ਼ਬਦ ਕਿਸੇ ਨਾ ਕਿਸੇ ਨਿਰਧਾਰਤ ਰਾਗ ਜਾਂ 'ਧੁਨਿ' (ਤਰਜ) ਵਿਚ ਰਚੇ ਗਏ ਹਨ। ਗੁਰਬਾਣੀ ਅੰਦਰ ਇਹ ਵੀ ਫੁਰਮਾਨ ਹੈ 'ਰਾਗੈ ਨਾਦੈ ਬਾਹਰਾ, ਇਨੀ ਹੁਕਮਿ ਨ ਬੂਝਿਆ ਜਾਇ' ਅਤੇ "ਗੁਣ ਗੋਬਿੰਦ ਗਾਵਉ ਸਭਿ ਹਰਿਜਨ ਰਾਗ ਰਤਨ ਰਸਨਾ ਅਲਾਪ"। ਗੁਰਬਾਣੀ ਨੂੰ ਗਾਉਣ ਦੀ ਚੇਤਾਵਨੀ ਬਾਰ ਬਾਰ ਕੀਤੀ ਗਈ ਹੈ- "ਹੁਕਮੁ ਮਨਹੁ ਗੁਰੂ ਕੇਰਾ, ਗਾਵਹੁ ਸਚੀ ਬਾਣੀ'

*ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ*
*ਗਾਵਹੁ ਸਚੀ ਬਾਣੀ*

(ਰਾਮਕਲੀ ਮ: ੩ ਅਨੰਦੁ)

*ਨਿਰਬਾਣ ਕੀਰਤਨੁ ਗਾਵਹੁ*

(ਸੂਹੀ ਮ: ੫)

*ਹਰਿ ਕੀਰਤਨ ਸੁਣੈ ਹਰਿ ਕੀਰਤਨ*
*ਗਾਵੈ ਤਿਸ ਜਨ ਦੂਖੁ*
*ਨਿਕਟ ਨਹੀਂ ਆਵੈ*
*ਹਰਿ ਦਿਨ ਰੈਨਿ ਕੀਤਰਨ ਗਾਈਐ*
*ਬਹੁੜਿ ਨ ਜੋਨੀ ਪਾਈਐ*

(ਸੋਰਠਿ ਮ: ੫)

ਰਾਗ ਤਾਂ ਅਨੇਕਾਂ ਹਨ ਪਰ ਗੁਰੂ ਗ੍ਰੰਥ ਸਾਹਿਬ ਵਿਚ ਆਏ ਸ਼ਬਦ ਹੇਠ ਲਿਖੇ ੩੧-ਮੁਖ ਰਾਗਾਂ ਵਿਚ ਮੰਨੇ ਜਾਂਦੇ ਹਨ:

੧. ਸਿਰੀ ਰਾਗ, ੨. ਮਾਝ ੩. ਗਉੜੀ, ੪.ਆਸਾ, ੫. ਗੁਜਰੀ, ੬.ਦੇਵਗੰਧਾਰੀ, ੭. ਬਿਹਾਗੜਾ, ੮.ਵਡਹੰਸ, ੯.ਸੋਰਠਿ, ੧੦ਧਨਾਸਰੀ, ੧੧.ਜੈਤਸਰੀ, ੧੨.ਟੋਡੀ, ੧੩.ਬੈਰਾੜੀ, ੧੪.ਤਿਲੰਗ, ੧੫.ਸੂਹੀ,੧੬.ਬਿਲਾਵਲੁ,੧੭ਗੋਂਡ,੧੮.ਰਾਮਕਲੀ, ੧੯.ਨਟਨਾਰਾਇਣ, ੨੦.ਮਾਲੀ ਗਉੜਾ, ੨੧. ਮਾਰੂ, ੨੨. ਤੁਖਾਰੀ, ੨੩. ਕੇਦਾਰ, ੨੪. ਭੈਰਉ, ੨੫. ਬਸੰਤ, ੨੬. ਸਾਰੰਗ, ੨੭. ਮਲਾਰ, ੨੮. ਕਾਨੜਾ, ੨੯. ਕਲਿਆਨ ੩੦. ਪ੍ਰਭਾਤੀ, ੩੧. ਜੈਜਾਵੰਤੀ।

ਇਨ੍ਹਾਂ ੩੧-ਰਾਗਾਂ ਤੋਂ ਇਲਾਵਾ ਇਤਨੇ ਕੁ ਹੀ ਹੋਰ ਉਪਰਾਗ, ਮੌਸਮੀ ਰਾਗ, ਸਥਾਨਿਕ ਰਾਗ ਜਾਂ ਮਿਸ਼ਰਤ ਰਾਗ ਵੀ ਹਨ। ਇਨ੍ਹਾਂ ਦੇ ਨਾਮ ਹਨ ਆਸਾਵਰੀ, ਨਟ, ਮਾਰੂ ਕਾਫੀ, ਕਲਿਆਨ ਭੋਪਾਲੀ, ਬਿਭਾਸ, ਪ੍ਰਭਾਤੀ ਵਿਭਾਗਸ, ਬਿਭਾਸ ਪ੍ਰਭਾਤੀ, ਬਸੰਤ ਹਿੰਡੋਲ, ਗਉੜੀ ਪੂਰਬੀ, ਗਾਉੜੀ ਬੈਰਾਗਣਿ, ਗਾਉੜੀ ਚੇਤੀ, ਗਉੜੀ ਦੀਪਕੀ, ਗਉੜੀ ਸੋਰਠ, ਗਉੜੀ ਮਾਲ, ਗਉੜੀ ਮਾਲਵਾ, ਗਉੜੀ ਮਾਝ, ਥਿਤੀ ਗਉੜੀ, ਗਉੜੀ ਥਿੰਤੀ, ਗਉੜੀ ਗੁਆਰੇਰੀ ਅਤੇ ਸੂਹੀ ਲਲਿਤ। ਕੁਝ ਰਾਗਾਂ ਦੇ ਦਖਣੀ ਰੂਪ ਵੀ ਆਉਂਦੇ ਹਨ, ਜਿਵੇਂ ਗਉੜੀ ਦਖਣੀ, ਪ੍ਰਭਾਤੀ ਦਖਣੀ ਆਦਿ। ਇਨ੍ਹਾਂ ਵਿਚੋਂ ਕਈ ਰਾਗ ਹੁਣ ਰਵਾਜ ਵਿਚ ਨਹੀਂ ਹਨ ਜਿਸ ਕਰਕੇ ਇਨ੍ਹਾਂ ਦਾ ਸਹੀ ਰੂਪ ਮਤਭੇਦ ਦਾ ਵਿਸ਼ਾ ਹੈ। ਭਾਰਤੀ ਸੰਗੀਤ ਨੂੰ ਕੁਝ ਰਾਗ ਤਾਂ ਗੁਰੂ ਘਰ ਦੀ ਹੀ ਦੇਣ ਹਨ ਜਿਹਾ ਕਿ ਮਾਰੂ, ਆਸਾ, ਮਾਝ, ਤੁਖਾਰੀ ਤੇ ਗਉੜੀ ਆਦਿ।

ਗੁਰੂ ਸਾਹਿਬਾਨ ਦੇ ਸਮੇਂ, ਤੋਂ ਸ਼ਬਦ ਪੁਰਾਤਨ ਗੀਤਾਂ, ਧਰੁਪਦ, ਧਮਾਰ ਸ਼ੈਲੀਆਂ ਜਾਂ ਪੜਤਾਲਾਂ (ਉਸੇ ਸ਼ਬਦ ਦੇ ਅੰਤਰਿਆਂ ਨੂੰ ਤਾਲਾਂ ਬਦਲ ਕੇ ਗਾਉਣਾ) ਵਿਚ ਗਾਏ ਜਾਂਦੇ ਰਹੇ ਹਨ। ਫੇਰ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਖਿਆਲ ਸ਼ੈਲੀ ਦੀ ਵਰਤੋਂ ਵਧਦੀ ਗਈ। ਇਨ੍ਹਾਂ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਵਿਚ ਉਸ ਸਮੇਂ ਦੀਆਂ ਲੋਕਪ੍ਰਿਯ ਧੁਨਾਂ ਉਤੇ ਗਾਉਣ ਲਈ ਵੀ ਸ਼ਬਦ ਹਨ, ਜਿਵੇਂ ਵਾਰਾਂ, ਧੁਨੀਆਂ ਵਿਚ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ, ਰਾਇ ਕਮਾਲ ਮੌਜਦੀ ਕੀ ਵਾਰ ਕੀ ਧੁਨੀ, ਟੁੰਡੇ ਅਸਰਾਜੇ ਕੀ ਧੁਨੀ, ਲਲਾ ਬਹਿਲੀਮਾਂ ਕੀ ਧੁਨੀ, ਜੋਧੈ ਵੀਰੈ ਪੂਰਬਾਣੀ ਕੀ ਧੁਨੀ, ਰਾਇ ਮਹਿਮੇ ਹਸਨੇ ਕੀ ਧੁਨੀ, ਰਾਣੇ ਕੈਲਾਸ਼ ਤਥਾ ਮਾਲਦੇ ਕੀ ਧੁਨੀ, ਮੂਸੇ ਕੀ ਵਾਰ ਕੀ ਧੁਨੀ ਆਦਿ। ਉਸ ਸਮੇਂ ਦੇ ਲੋਕ ਗੀਤਾਂ ਉਤੇ ਵੀ ਬਾਣੀ ਹੈ ਜਿਵੇਂ ਅਲਾਹੁਣੀਆਂ, ਬਿਰਹੜੇ, ਘੋੜੀਆਂ, ਸੱਟਾ ਆਦਿ ਇਸ ਤਰ੍ਹਾਂ ਪੁਰਤਾਨ ਗੀਤਾਂ ਵਿੱਚ ਸ਼ਬਦ ਗਾਉਣ ਦੀ ਸਿਖਿਆ ਰਾਗੀਆਂ ਰਬਾਬੀਆਂ ਨੂੰ ਵਿਰਸੇ ਵਿਚ ਸੀਨਾ ਬਸੀਨਾ ਹੀ ਮਿਲਦੀ ਸੀ।

ਗੁਰੂ ਸਾਹਿਬਾਂ ਦੇ ਸਮੇਂ ਕੀਰਤਨ ਰਾਹੀਂ ਗੁਰਬਾਣੀ ਸੁਣਾਉਣ ਵਾਲੇ ਜ਼ਿਆਦਾਤਰ ਸੰਗੀਤਕਾਰ ਰਬਾਬੀ ਜਾਂ ਢਾਡੀ ਹੁੰਦੇ ਸਨ। ਰਬਾਬੀ ਤਾਂ ਮੁਸਲਮਾਨ ਹੁੰਦੇ ਸਨ ਜਿਨ੍ਹਾਂ ਦੇ ਵਡੇਰੇ ਹਿੰਦੂ ਭੱਟ ਜਾਂ ਉਚ ਕੋਟੀ ਦੇ ਕਲਾਵੰਤ ਹੋਣਗੇ। ਗੁਰੂ ਨਾਨਕ ਜੀ ਦਾ ਹਜ਼ੂਰੀ ਰਬਾਬੀ ਮਰਦਾਨਾ ਕੀਰਤਨੀਆ ਸੀ ਜੋ ਰਬਾਬ ਬਹੁਤ ਸੁੰਦਰ ਵਜਾਉਂਦਾ ਸੀ। ਮਰਦਾਨਾ ਸਦਾ ਗੁਰੂ ਜੀ ਦੇ ਨਾਲ ਰਹਿੰਦਾ ਸੀ ਅਤੇ ਅਖੀਰ ਉਨ੍ਹਾਂ ਦੇ ਹੱਥਾਂ ਵਿਚ ਹੀ ਗੁਰੂ ਜੀ ਦੀ ਤੀਜੀ ਉਦਾਸੀ ਸਮੇਂ ਅਫਗਾਨਿਸਤਾਨ ਵਲ ਖੁਰਮ ਨਦੀ ਦੇ ਕੰਢੇ ਪੂਰਾ ਹੋਇਆ। ਗੁਰੂ ਅੰਗਦ ਤੋਂ ਗੁਰੂ ਅਮਰਦਾਸ ਜੀ ਦੇ ਸਮੇਂ ਭਾਈ ਸਾਦੂ ਤੇ ਭਾਈ ਬਾਦੂ ਰਬਾਬੀ ਕੀਰਤਨੀਏ ਸਨ ਜੋ ਭਾਈ ਮਰਦਾਨੇ ਦੇ ਸ਼ਗਿਰਦ ਸਨ। ਭਾਈ ਸੱਤਾ ਤੇ ਬਲਵੰਡ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਦੇ ਹਜ਼ੂਰੀ ਰਬਾਬੀ ਸਨ। ਇਸੇ ਤਰ੍ਹਾਂ ਗੁਰੂ ਹਰਿਗੋਬਿੰਦ ਜੀ ਦੇ ਕੀਰਤਨੀਏ ਰਬਾਬੀ ਭਾਈ ਬਾਬਕ, ਭਾਈ ਅਬਦੁਲਾ ਤੇ ਭਾਈ ਨਥਮਲ ਸਨ। ਰਬਾਬੀਆਂ ਦੀ ਮੁਖ ਗੁਰਦੁਆਰਿਆਂ ਵਿਚ ਕੀਰਤਨ ਕਰਨ ਦੀ ਪ੍ਰੰਪਰਾ, ਦੇਸ਼ ਦੀ ਵੰਡ ਤਕ ਚਲਦੀ ਰਹੀ। ਮੁਸਲਮਾਨ ਹੋਣ ਦੇ ਨਾਤੇ ਲਗਭਗ ਸਾਰੇ ਰਬਾਬੀ੧੯੪੭ ਵਿਚ ਪਕਿਸਤਾਨ ਚਲੇ ਗਏ। ਜੋ ਬਚੇ ਉਹ ਸਿੰਘ ਸਜ ਕੇ ਭਾਰਤ ਵਿਚ ਰਹਿ ਗਏ। ਇਸ ਸਦੀ ਦੇ ਮਸ਼ਹੂਰ ਤੇ ਕੀਰਤਨ ਰਾਹੀਂ ਸੰਗਤਾਂ ਨੂੰ ਮੁਗਧ ਕਰ ਦੇਣ ਵਾਲੇ ਕੁਝ ਰਬਾਬੀਆਂ

ਦੇ ਅਭੁਲ ਨਾਮ ਹਨ-ਭਾਈ ਅਤਰਾ, ਭਾਈ ਅਮੀਰਾ, ਭਾਈ ਹੀਰਾ, ਭਾਈ ਮਾਲਾ, ਭਾਈਂ ਹੁਸੈਨਾ, ਭਾਈ ਗੁਲਾਬ, ਭਾਈ ਝੰਡਾ, ਭਾਈ ਨੱਥੂ, ਭਾਈ ਰਖੂ, ਭਾਈ ਮੋਤੀ, ਭਾਈ ਦੇਸਾ, ਭਾਈ ਸ਼ੈਲਾ ਪਟਿਆਲੇ ਵਾਲਾ, ਭਾਈ ਫਜ਼ਲ ਆਦਿ। ਭਾਈ ਸਾਂਈ ਦਿਤਾ ਪ੍ਰਸਿੱਧ ਰਾਗੀ ਭਾਈ ਸੰਤਾ ਸਿੰਘ ਦੇ ਉਸਤਾਦ ਸਨ। ਕੀਰਤਨ ਜੱਥਾ ਅਧਿਕਤਰ ੪ ਰਬਾਬੀਆਂਦਾ ਹੁੰਦਾ ਜਿਸਨੂੰ ਚੌਕੀ ਆਖਦੇ ਸਨ। ਜਥੇਦਾਰ ਤੇ ਦੋ ਹੋਰ ਸਹਾਇਕ ਰਾਗੀਆਂ ਕੋਲ ਤਾਰ ਦੇ ਸਾਜ਼ ਹੁੰਦੇ ਅਤੇ ਚੌਥਾ ਪਖਾਉਚੀ ਹੁੰਦਾ ਸੀ। ਗੁਰੂ ਸਾਹਿਬਾਨ ਖੁਦ ਵੀ ਕੀਰਤਨ ਕਰਦੇ ਸਨ। ਤਾਰ ਦੇ ਸਾਜ਼ ਵਜਾਉਣ ਵਿਚ ਵੀ ਮਾਹਿਰ ਸਨ। ਜਿਵੇਂ ਗੁਰੂ ਅਰਜਨ ਸਰੰਦੇ ਦੇ, ਗੁਰੂ ਹਰਿਗੋਬਿੰਦ ਤਾਊਸ ਦੇ। ਗੁਰੂ ਗੋਬਿੰਦ ਸਿੰਘ ਜੀ ਵੀ ਸਰੰਦਾ ਵਜਾਉਂਦੇ ਸਨ। ਉਨ੍ਹਾਂ ਨੇ ੨੩੫ ਰਾਗਾਂ ਵਿਚ ਕੀਰਤਨ ਕੀਤਾ ਹੈ ਅਤੇ ਉਨ੍ਹਾਂ ਦੇ ਹੱਥਾਂ ਦਾ ਸਰੰਦਾ ਅਜੇ ਵੀ ਮੰਡੀ ਗੁਰਦੁਆਰੇ ਪਿਆ ਵੇਖਿਆ ਜਾ ਸਕਦਾ ਹੈ। ਪਹਿਲਾਂ ਕੀਰਤਨ ਵਿਚ ਪਰਮਪਰਾਗਤ ਤਾਰ ਦੇ ਸਾਜ਼ ਹੁੰਦੇ ਸਨ ਜਿਨ੍ਹਾਂ ਵਿਚ ਰਬਾਬ, ਸਰੰਦਾ, ਤਾਊਸ, ਸਾਰੰਗੀ, ਪੂਰਾ, ਵੀਣਾ, ਸਤਾਰ ਅਤੇ ਪਖਾਵਜ ਤਬਲਾ ਆਦਿ ਹੀ ਹੁੰਦੇ ਸਨ। ਪਹਿਲਾਂ ਜੋੜੀ (ਤਬਲੇ) ਦਾ ਖੱਬਾ ਵੀ ਆਟੇ ਵਾਲਾ ਹੁੰਦਾ ਸੀ ਜਿਸਦਾ ਚਠੂ ਲਕੜ ਦਾ ਹੀ ਸੀ। ਜੋ ਹੁਣ ਪਕੀ ਸ਼ਾਹੀ ਦਾ ਤਾਂਬੇ, ਪਿੱਤਲ ਜਾਂ ਐਲਮੋਨੀਅਮ ਦਾ ਹੁੰਦਾ ਹੈ। ਤਾਰ ਦੇ ਸਾਜਾਂ ਦੀ ਥਾਂ ਹੁਣ ਹਾਰਮੋਨੀਅਮ ਨੇ ਲੈ ਲਈ ਜੋ ਭਾਰਤੀ ਸੰਗੀਤ ਲਈ ਅਧੂਰਾ ਸਾਜ ਹੈ। ਫੇਰ ਵੀ ਸੌਖਾ ਸ਼ਾਜ ਹੋਣ ਕਰਕੇ, ਜਾਂ ਸੁਰ ਕਰਨ ਦੀ ਹਰ ਵੇਲੇ ਨਾ ਖੇਚਲ ਕਰਨ ਕਰਕੇ, ਇਹ ਸਾਜ ਪਿਛਲੀ ਸਦੀ ਦੇ ਅਖੀਰੀ ਦਹਾਕਿਆਂ ਤੋਂ ਸਾਡੇ ਦੇਸ਼ ਵਿਚ ਲੋਕਪ੍ਰੀਯ ਹੋਣ ਲਗ ਗਿਆ। ਰਬਾਬੀਆਂ ਅਤੇ ਖਾਨਦਾਨੀ ਰਾਗੀਆਂ ਦੀ ਘਾਟ ਕਰਕੇ ਹੁਣ ਵੇਖਣ ਵਿਚ ਆਉਂਦਾ ਹੈ ਕਿ ਸਿਨੇਮੇ ਜਾਂ ਟੀ. ਵੀ. ਦੀਆਂ ਲੋਕਪ੍ਰਿਯ ਤਰਜਾਂ ਨੇ ਸਾਡੇ ਕੀਰਤਨੀਆਂ ਅਤੇ ਸੰਗਤਾਂ ਦੋਹਾਂ ਨੂੰ ਪਰੇਰਿਆ ਹੈ। ਕਿਉਂਕਿ ਬਹੁਤ ਗਿਣਤੀ ਰਾਗੀ ਜੱਥਿਆਂ ਦੀ ਇਨ੍ਹਾਂ ਲੋਕ ਪ੍ਰੀਯ ਤਰਜਾਂ ਉਤੇ ਹੀ ਕੀਰਤਨ ਕਰਨ ਲਗ ਪਈ। ਪਰ ਫੇਰ ਵੀ ਖਾਨਦਾਨੀ ਰਾਗ ਇਕ ਸ਼ਬਦ ਆਰੰਭ ਵਿਚ ਜ਼ਰੂਰ ਪੁਰਾਣੀ ਗੀਤ ਜਾਂ ਰਾਗ ਵਿਚ ਪੜ੍ਹ ਲੈਂਦੇ ਹਨ।

ਇਸ ਕਲਯੁਗ ਵਿਚ ਆਈ *ਧੁਰ ਕੀ ਬਾਣੀ* ਦੇ ਸਾਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ, ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਤੋਂ ਪਹਿਲੀਆਂ ਪਾਤਸ਼ਾਹੀਆਂ ਦੇ ਰਚੇ ਸ਼ਬਦ, ਅਸਲ ਵਿਚ ਗੋਇੰਦਵਾਲ ਦੀਆਂ ਮੁਢਲੀਆਂ ਪੋਥੀਆਂ ਵਿਚ ਅੰਕਿਤ ਸਨ। ਇਹ ਕੇਵਲ ੧੫ ਰਾਗਾਂ ਵਿਚ ਸਨ। ਪਹਿਲੀ ਪੋਥੀ ਦੇ ੬੦੦ ਪੰਨੇ ਤੇ ਦੂਜੀ ਦੇ ੪੪੯ ਹਨ। ਇਹ ਪੋਥੀਆਂ ਵਿਚ ਅੰਕਿਤ ਸਨ। ਇਹ ਪੋਥੀਆਂ ਤੀਜੀ ਪਾਤਸ਼ਾਹੀ ਗੁਰੂ ਅਮਰਦਾਸ ਜੀ ਦੇ ਪੋਤ੍ਰੇ (ਬਾਬਾ ਮੋਹਨ ਦੇ ਪੁਤ੍ਰ) ਬਾਬਾ ਸਾਹਸ ਰਾਮ ਦੀਆਂ ਲਿਖੀਆਂ ਹਨ। ਦੋ ਸ਼ਬਦ ਗੁਰੂ ਰਾਮਦਾਸ ਦੇ, ਗੁਰਿਆਈ ਮਿਲਣ ਤੋਂ ਪਹਿਲੋਂ ਦੇ ਦੂਜੀ ਪੋਥੀ ਵਿਚ ਆਪਣੇ ਹੱਥ ਦੇ ਲਿਖੇ ਹਨ। ਕਿਉਂਕਿ ਇਸਦੇ ਪੰਨਾ ੯੪ ਉਤੇ "ਗੁਲਾਮ ਮਸਤਾਨ ਜੇਠ ਚੰਦ" ਲਿਖਿਆ ਹੈ, ਜੋ ਗੁਰੂ ਰਾਮਦਾਸ ਦਾ ਹੀ ਪਹਿਲਾ ਨਾਮ ਹੈ। ਫੇਰ ਦੂਜੀ ਪੋਥੀ ਦੇ ਹੀ ਪੰਨਾ ੨੧੬ ਦੇ ਇਕ ਕਿਨਾਰੇ ***ਗੁਰੂ ਅੰਗਦ ਗੁਰਮੁਖੀ ਅਖਰ ਬਣਾਇ, ਬਾਬੇ ਦੇ ਅਗੇ ਸ਼ਬਦ ਭੇਟ ਕੀਤਾ*** ਲਿਖਿਆ ਮਿਲਦਾ ਹੈ। ਇਸ ਤੋਂ ਦੂਜੀ ਪਾਤਸ਼ਾਹੀ ਗੁਰੂ ਅੰਗਦ ਦੇਵ ਜੀ ਦੇ ਗੁਰਮੁਖੀ ਲਿਪੀ ਦੇ ਜਨਮਦਾਤਾ ਹੋਣ ਦਾ ਸਪਸ਼ਟ ਸਬੂਤ ਮਿਲ ਜਾਂਦਾ ਹੈ। ਇਸ ਤੋਂ ਉਪਰੰਤ ਗੁਰੂ ਅਰਜਨ ਦੇਵ ਜੀ ਨੇ ਇਹ ਦੋਵੇਂ ਪੋਥੀਆਂ ਆਪਣੇ ਮਾਮੇ ਬਾਬਾ ਮੋਹਣ ਤੋਂ ਮੰਗ ਕੇ, ਆਦਿ ਗ੍ਰੰਥ ਦੀ ਬੀੜ ਭਾਈ ਗੁਰਦਾਸ ਤੋਂ ਲਿਖਵਾਉਣੀ ਆਰੰਭ ਕੀਤੀ। ਇਸ ਬੀੜ ਵਿਚ ਗੁਰੂ ਜੀ ਨੇ ਇਨ੍ਹਾਂ ਗੋਇੰਦਵਾਲ ਦੀਆਂ ਦੋਹਾਂ ਪੋਥੀਆਂ ਦੇ ੧੫ ਰਾਗਾਂ ਦੇ ਸ਼ਬਦ ਖੁਦ ਆਪਣੀ ਬਾਣੀ, ਕੁਝ ਹਿੰਦੂ ਤੇ ਮੁਸਲਮਾਨ ਭਗਤਾਂ ਤੇ ਭੱਟਾਂ ਦੀ ਬਾਣੀ, ੧੫ ਹੋਰ ਰਾਗਾਂ ਵਿਚ ਇਕੱਠੀ ਕਰਕੇ, ੯੭੪ ਪੰਨਿਆਂ ਵਿਚ, ਆਦਿ ਗੁਰੂ ਗ੍ਰੰਥ ਦੀ ਬੀੜ ੧੬੦੪ ਈ. ਵਿਚ ਸੰਪੂਰਨ ਕਰ ਲਈ। ਇਸ ਤਰ੍ਹਾਂ ਇਸ ਬੀੜ ਵਿੱਚ ਕੁਲ ੩੦ ਮੁਖ ਰਾਗਾਂ ਦੇ ਸ਼ਬਦ ਹਨ। ਪਹਿਲੀਆਂ ਪੰਜਾਂ ਪਾਤਸ਼ਾਹੀਆਂ ਤੋਂ ਇਲਾਵਾ ਇਸ ਬੀੜ ਵਿਚ ਜਿਨ੍ਹਾਂ ਹਿੰਦੂ ਤੇ ਮੁਸਲਮਾਨ ਭਗਤਾਂ ਦੀਆਂ ਰਚਨਾਵਾਂ ਹਨ, ਉਨ੍ਹਾਂ ਦੇ ਨਾਮ ਹਨ- ਸੈਣੁ, ਕਬੀਰ, ਜੈਦੇਵ, ਤ੍ਰਿਲੋਚਨ, ਧੰਨਾ, ਨਾਮਦੇਵ, ਪਰਮਾਨੰਦ, ਪੀਪਾ, ਸ਼ੇਖ ਫਰੀਦ, ਬੇਣੀ, ਭੀਖਣ, ਮਰਦਾਨਾ, ਰਵਿਦਾਸ, ਰਾਮਨੰਦ, ਸੱਤਾ ਬਲਵੰਡ ਆਦਿ। ਇਹ ਬੀੜ ਜੋ ਅਜੇ ਵੀ ਕਰਤਾਰਪੁਰ (ਜ਼ਿਲਾ ਜਲੰਧਰ) ਧੀਰ ਮਲੀਆਂ ਦੇ ਕੋਲ ਹੀ ਹੈ, ਜਦ ਗੁਰੂ ਗੋਬਿੰਦ ਸਿੰਘ ਜੀ ਨੂੰ ਉਪਲਭਦ ਨਹੀਂ ਹੋਈ ਤਾਂ ਫਿਰ ਉਹਨਾਂ ਸਾਬੋ ਕੀ ਤਲਵੰਡੀ (ਬਠਿੰਡੇ ਕੋਲ) ਭਾਈ ਮਨੀ ਸਿੰਘ ਤੋਂ ਨਵੀਂ ਬੀੜ ਲਿਖਵਾਈ। ਜਦ ਤੋਂ ਇਸੇ ਬੀੜ ਦਾ ਪਾਠ ਹੁੰਦਾ ਹੈ ਅਤੇ ਇਸੇ ਬੀੜ ਲਈ ਹੀ *ਗੁਰੂ ਮਾਨਯੋ ਗ੍ਰੰਥ* ਦਾ ਹੁਕਮ ਹੈ। ਇਸ ਦੇ ਕੁਲ ੧੪੩੦ ਪੰਨੇ ਹਨ। ਆਰੰਭ ਵਿਚ ਨਿਤਨੇਮ ਦੀਆਂ ਬਾਣੀਆਂ ਹਨ। ਪਹਿਲਾਂ ਮੂਲਮੰਤ੍ਰ, ਗੁਰੂ ਨਾਨਕ ਦੇਵ ਦਾ ਰਚਿਤ, ਜਪੁਜੀ ਸਾਹਿਬ ਫੇਰ ਸੰਧਿਆ ਵੇਲੇ ਦੇ ਰਹਰਾਸਿ ਤੇ ਕੀਰਤਨ ਸੋਹਿਲਾ ਹਨ। ਇਸ ਤੋਂ ਅਗੇ ਸ਼ਬਦ ਰਾਗਾਂ ਦੀ ਲੜੀ ਵਿਚ ਆਉਂਦੇ ਹਨ। ਇਸ ਬੀੜ ਵਿਚ ਭਾਵੇਂ ਰਾਗ ਜੈਜਾਵੰਤੀ ਦੇ ਅਤੇ ਕੁਝ ਹੋਰ ਰਾਗਾਂ ਹੇਠ ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅਤੇ ਦਸਵੀਂ ਪਾਤਸ਼ਾਹੀ ਦਾ ਆਪਣਾ ਇਕ ਸਲੋਕ (ਬਲ ਹੋਆ ਬੰਧਨ ਛੁਟੇ) ਜੋੜੇ ਹਨ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ੩੧ ਮੁਖ ਰਾਗਾਂ ਤੋਂ ਅਤਿਕਿਰਤ ਹੋਰ ਏਨੇ ਕੁ ਹੀ ਉਪਰਾਗ, ਮਿਸ਼ਰਤ ਰਾਗ ਆਦਿ ਵੀ ਹਨ। ਕੁਝ ਰਾਗ ਤਾਂ ਭਾਰਤੀ ਸੰਗੀਤ ਨੂੰ ਗੁਰੂ-ਘਰ ਦੀ ਦੇਣ ਹਨ ਜਿਹਾ ਕਿ ਤੁਖਾਰੀ, ਮਾਰੂ, ਆਸਾ, ਗਉੜੀਆਂ ਆਦਿ। ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿਚ ਦਿਤੀ ਰਾਗ ਮਾਲਾ ਕੁਝ ਵਿਦਵਾਨਾਂ ਅਨੁਸਾਰ ਮਧਕਾਲੀਨ ਕਵੀ ਜੋਧ ਦੀ ਰਚਨਾ ਸਮਝੀ ਜਾਂਦੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਆਏ ਹਰ ਸ਼ਬਦ ਦੇ ਸਿਰਲੇਖ ਵਿਚ ਪਹਿਲਾਂ ਰਾਗ ਦਾ ਨਾਮ, ਫੇਰ ਪਾਤਸ਼ਾਹੀ-ਮਹੱਲਾ ੧,੨,੩ ਕਰਕੇ, ਫੇਰ ਕਈ ਥਾਂ "ਘਰ" ਵੀ ਦਿਤਾ ਹੈ। 'ਘਰ' ਸ਼ਾਇਦ ਤਾਲ ਦਾ ਨਾਮ ਹੈ ਜੋ ਉਸ ਸਮੇਂ ਪ੍ਰਚਲਤ ਸੀ। ਪਰ ਇਸ ਮਤਭੇਦ ਦੇ ਵਿਸ਼ੇ ਉਤੇ ਅਜੇ ਖੋਜ ਦੀ ਲੋੜ ਹੈ। ਕਈ ਸ਼ਬਦਾਂ ਦੇ ਸਿਰਲੇਖ ਵਿਚ 'ਪੜਤਾਲ' ਦਾ ਸ਼ਬਦ ਵੀ ਹੈ। ਪੜਤਾਲ ਵਿਚ ਸ਼ਬਦ ਦਾ ਰਾਗ ਤਾਂ ਇਕੋ ਹੀ ਰਹਿੰਦਾ ਹੈ, ਪਰ ਸਥਾਈ ਤੋਂ ਅਗਲੀਆਂ ਤੁਕਾਂ ਤਾਲਾਂ ਬਦਲ ਕੇ ਗਾਈਆਂ ਜਾਂਦੀਆਂ ਹਨ। ਗੁਰੂ ਸਾਹਿਬਾਨ ਸਮੇਂ ਗਾਇਕ ਬਹੁਤੇ ਧਰੁਪਦ ਸ਼ੈਲੀ ਵਿਚ ਹੀ ਗਾਉਂਦੇ ਸਨ।

ਖਿਆਲ ਸ਼ੈਲੀ ਗੁਰੂ ਗੋਬਿੰਦ ਸਿੰਘ ਦੇ ਸਮੇਂ ਤੋਂ ਚਲੀ ਜਾਪਦੀ ਹੈ। ਪਰ ਧਰੁਪਦ ਦੇ ਚਾਰ ਮੁਖ ਭਾਗ ਹੁੰਦੇਂ ਸਨ-ਸਥਾਈ, ਅੰਤਰਾ, ਸੰਚਾਰੀ ਅਤੇ ਆਭੋਗ। ਸੰਭਵ ਹੈ ਕਿ ਪੜਤਾਲ ਵਿਚ ਆਰੰਭਿਕ ਸਥਾਈ ਦੀ ਤੁਕ ਜਿਸ ਤਾਲ ਵਿਚ ਗਾਈ ਜਾਵੇ, ਅਗਲੀਆਂ ਤੁਕਾਂ ਇਸ ਤੋਂ ਵਖਰੀਆਂ ਵਖਰੀਆਂ ਤਾਲਾਂ ਵਿਚ ਗਾਈਆਂ ਜਾਂਦੀਆਂ ਸਨ। ਕਈ ਸ਼ਬਦਾਂ ਦੇ ਸਿਰਲੇਖ ਵਿਚ ਉਸ ਸਮੇਂ ਦੇ ਗਾਇਕਾਂ ਦੀਆਂ ਲੋਕਪ੍ਰਿਯ ਧੁਨਾਂ, ਜਾਂ ਉਸ ਵੇਲੇ ਦੀਆਂ ਨਾਇਕ-ਪ੍ਰਧਾਨ ਧੁਨਾਂ ਦਿਤੀਆਂ ਹਨ-ਜਿਹਾ ਕਿ ਮਲਕ ਮੁਰੀਦ ਤਥਾ ਚੰਦ੍ਰ ਹੜਾ ਸੋਹੀਆ ਕੀ ਧੁਨੀ, ਟੁੰਡੇ ਅਸਰਾਜੇ ਕੀ ਧੁਨੀ, ਲਲਾਂ ਬਹਿਲੀਮਾਂ ਕੀ ਧੁਨੀ ਆਦਿ। ਕਈ ਸ਼ਬਦਾਂ ਦੇ ਕਾਵਸਰੂਪ ਵੀ ਸਿਰਲੇਖ ਵਿਚ ਦੱਸੇ ਹਨ, ਜਿਵੇਂ ਛੰਤੁ, ਸਲੋਕ, ਪਉੜੀ, ਸਵੱਈਏ , ਸੋਹਿਲੇ, ਇਕ ਤੁਕੇ, ਦੁਤੁਕੇ, ਦੁਪਦੇ, ਤਿਪਦੇ, ਤਿਤੁਕੀ, ਚਉਪਦੇ, ਅਸ਼ਟਪਦੀ ਆਦਿ। ਕੁਝ ਸ਼ਬਦ ਅਲਾਹੁਣੀਆਂ, ਘੋੜੀਆਂ, ਬਿਰਹੜੇ, ਵਾਰਾਂ ਆਦਿ ਲੋਕਗੀਤ ਧੁਨਾਂ ਵਿਚ ਦਿਤੇ ਹਨ। ਇਸੇ ਤਰ੍ਹਾਂ ਸਮੇਂ ਤੇ ਰੁੱਤਾਂ ਦੇ ਵੀ ਸ਼ਬਦ ਹਨ ਜਿਵੇਂ ਰੁੱਤੀ, ਬਾਰਹਮਾਹ, ਦਿਨ ਰੈਣਿ ਪਹਿਰੇ ਆਦਿ। ਵਿਆਹ ਸ਼ਾਦੀਆਂ ਲਈ ਲਾਵਾਂ ਵੀ ਹਨ।

ਸ਼ਬਦਾਂ ਦੇ ਅੰਦਰ ਤੁਕਾਂ ਪਿਛੇ ਅੰਕ ੧,੨,੩,੪, ਆਦਿ ਵੀ ਹਨ ਜੋ ੧੬ ਤਕ ਮਿਲਦੇ ਹਨ। ਪਹਿਲਾ ਅੰਕ '੧', ਰਹਾਉ ਵਾਲੀ ਸਥਾਈ ਦੀ ਤੁਕ ਅਗੇ ਹੁੰਦਾ ਹੈ। ਫੇਰ ਅੰਤਰੇ ਵਾਲੀਆਂ ਤੁਕਾਂ ਦੇ ਅੰਕ ਨਵੇਂ ਸਿਰੇ ਤੋਂ ਦਿਤੇ ਹੁੰਦੇ ਹਨ। ਪਹਿਲੀ ਅੰਤਰੇ ਵਾਲੀ ਤਕ ਅਗੇ '੧', ਹੁੰਦਾ ਹੈ ਦੂਜੀ ਅਗੇ '੨', ਇਸੇ ਤਰ੍ਹਾਂ ਇਹ ਅੰਕ ਵਧ ਤੋਂ ਵਧ ੧੬ ਤਕ ਉਪਲਬਦ ਹਨ। ਅੰਤਰੇ ਵਿਚ ਇਕ ਜਾਂ ਇਕ ਤੋਂ ਵਧ ਸਤਰਾਂ ਵੀ ਹੁੰਦੀਆਂ ਹਨ, ਜੋ ਇਕ ਵਿਸ਼ੇਸ਼ ਭਾਵ ਨੂੰ ਮੁਖ ਰਖ ਕੇ ਰਚੀਆਂ ਗਈਆਂ ਅਤੇ ਜਿਨ੍ਹਾਂ ਨੂੰ ਇਸੇ ਤਰ੍ਹਾਂ ਸਿਲਸਿਲੇ ਵਾਰ ਰਾਗ ਦੀ ਬੰਦਸ਼ ਵਿਚ ਪ੍ਰੋ ਕੇ ਗਾਇਆ ਜਾਂਦਾ ਹੈ। ਜਿਸ ਨਾਲ ਇਸ ਅੰਕ ਨਾਲ ਸੰਬੰਧਤ ਤੁਕਾਂ ਦਾ ਭਾਵ ਸਰੋਤਿਆਂ ਨੂੰ ਸਪਸ਼ਟ ਹੋ ਜਾਵੇ। ਸ਼ਬਦ ਦੇ ਅੰਤ ਵਿਚ ਰਹਾਉ ਵਾਲੀ ਤੁਕ ਛਡ ਕੇ ਬਾਕੀ ਸਭ ਅੰਤਰੇ ਵਾਲੀਆਂ ਤੁਕਾਂ ਦੇ ਅੰਕਾਂ ਦਾ ਜੋੜ ਵੀ ਦਿਤਾ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਆਏ ਸ਼ਬਦ ਉਸ ਸਮੇਂ ਦੀਆਂ ਲੋਕਪ੍ਰੀਯ ਭਾਸ਼ਾਵਾਂ ਜਾਂ ਖੜੀ ਬੋਲੀਆਂ ਵਿਚ ਹੀ ਹਨ। ਇਹ ਪੰਜਾਬੀ, ਬ੍ਰਜਭਾਸ਼ਾ, ਮੁਲਤਾਨੀ ਪੰਜਾਬੀ, ਪੋਠੋਹਾਰੀ ਆਦਿ ਵਿਚ ਹਨ। ਇਸੇ ਤਰ੍ਹਾਂ ਹੋਰ ਭਗਤਾਂ ਦੀ ਬਾਣੀ ਉਤੇ ਉਨ੍ਹਾਂ ਦੀ ਆਪੋ ਆਪਣੀ ਭਾਸ਼ਾ ਦਾ ਰੰਗ ਹੈ ਜਿਵੇਂ ਬਾਬਾ ਫਰੀਦ ਦੀ ਬਾਣੀ ਉਤੇ ਮੁਲਤਾਨੀ ਪੰਜਾਬੀ, ਕਬੀਰ ਜੀ ਦੀ ਬਾਣੀ ਉਤੇਂ ਬਨਾਰਸੀ ਜਾਂ ਅਵਧੀ ਬੋਲੀ ਅਤੇ ਨਾਮਦੇਵ ਦੀ ਬਾਣੀ ਉਤੇ ਮਰਾਠੀ ਦੀ ਛਾਪ ਹੈ।


## ਸੁਖੀ ਰਹੋ

*ਇਨ੍ਹਾਂ ਦਾ ਤਿਆਗ ਕਰੋ:-*

ਚਿੰਤਾ, ਈਰਖਾ, ਲਾਲਚ, ਗੁੱਸਾ, ਨਿੰਦਿਆਂ, ਘੁਮੰਡ, ਸ਼ਰਾਬ, ਤੰਬਾਕੂ ਹਉਮੈ, ਲਾਪਰਵਾਹੀ, ਬੇ ਈਮਾਨੀ,ਵਿਸ਼ੇ ਵਿਕਾਰ, ਫ਼ਾਲਤੂ ਬੋਲਣਾ, ਕੌੜਾ ਬੋਲਣਾ, ਝੂਠਾ ਦਿਖਾਵਾ, ਵਿਸ਼ਵਾਸ ਘਾਤ

*ਇਨ੍ਹਾਂ ਨੂੰ ਧਾਰਨ ਕਰੋ:-*

ਸਹਿਜ ਅਵੱਸਥਾ, ਸਬਰਸੰਤੋਖ, ਰਹਿਮਦਿਲੀ, ਸਧਾਰਨ ਜੀਵਨ, ਈਮਾਨਦਾਰੀ, ਨਿਮਰਤਾ, ਅੱਛਾ ਆਚਰਣ, ਘੱਟ ਬੋਲਣਾ, ਮਿੱਠਾ ਬੋਲਣਾ, ਆਤਮ ਵਿਸ਼ਵਾਸ, ਬਚਨਬਧ, ਸਰਬੱਤ ਦਾ ਭਲਾ, ਖੇੜੇ ਵਿਚ ਰਹਿਣਾ, ਧਰਮ 'ਤੇ ਕਾਇਮ ਰਹਿਣਾ।

*ਇਨ੍ਹਾਂ ਨੂੰ ਕਰਨ ਤੋਂ ਸੰਕੋਚ ਨਾ ਕਰੋ:-*

ਕਿਸੇ ਨੂੰ ਰੌਸ਼ਨੀ ਦੇਣ ਲਈ ਅੱਖਾਂ ਦਾ ਦਾਨ................................
ਕਿਸੇ ਨੂੰ ਜ਼ਿੰਦਗੀ ਦੇਣ ਲਈ ਖ਼ੂਨ ਦਾ ਦਾਨ...............................
ਕਿਸੇ ਬੱਚੇ ਨੂੰ ਵਿੱਦਿਆ ਦੇਣ ਲਈ ਮਾਇਕ ਸਹਾਇਤਾ.....................
ਕਿਸੇ ਬਿਰਧ ਨੂੰ ਸੁਖਾਵਾਂ ਜੀਵਨ ਬਤੀਤ ਕਰਨ ਲਈ ਸਹਾਇਤਾ............
ਕਿਸੇ ਬੇਸਹਾਰਾ ਦੀ ਤਨ-ਮਨ-ਧਨ ਨਾਲ ਸੇਵਾ...............................

*ਸੁਭ ਇਛਾਵਾਂ ਸਹਿਤ*

**ਪ੍ਰਿੰਸੀਪਲ ਨਰਿੰਦਰ ਸਿੰਘ (ਰਿ.)**

956, ਫੇਜ਼ 3B2

ਸਾਹਿਬਜਾਦਾ ਅਜੀਤ ਸਿੰਘ ਨਗਰ (ਮੁਹਾਲੀ)

# ਸ੍ਰੀ ਹਰਿਮੰਦਰ ਸਾਹਿਬ ਦੀਆਂ ਕੀਰਤਨ ਚਉਕੀਆਂ

ਡਾ. ਮਨਵਿੰਦਰ ਕੌਰ

ਕੀਰਤਨ ਦੀ ਨਿਰਮੋਲਕ ਦਾਤ ਸਾਨੂੰ ਗੁਰੂਆਂ ਤੋਂ ਪ੍ਰਾਪਤ ਹੋਈ। ਇਸ ਦਾ ਆਰੰਭ ਗੁਰੂ ਨਾਨਕ ਦੇਵ ਜੀ ਨੇ ਕੀਤਾ। ਗੁਰੂ ਜੀ ਜਦੋਂ ਰਬਾਬ ਦੀਆਂ ਮਧੁਰ ਧੁਨਾਂ ਨਾਲ ਮਿਲਾ ਕੇ ਅਲਾਹੀ ਬਾਣੀ ਦਾ ਉਚਾਰਣ ਕਰਦੇ ਸਨ ਤਾਂ ਮਾਨਵ ਤੋਂ ਲੈ ਕੇ ਪਸ਼ੂ ਪੰਛੀਆਂ ਤਕ, ਦਾ ਰੋਮ-ਰੋਮ ਖਿੜ ਉੱਠਦਾ ਸੀ। ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਪੰਨਾਂ 14 ਤੋਂ ਲੈ ਕੇ 1342 ਤਕ ਸਾਰੀ ਬਾਣੀ ਰਾਗਾਂ ਵਿੱਚ ਅੰਕਿਤ ਹੈ ਜਿਸ ਵਿੱਚ ਗੁਰੂਆਂ, ਭਗਤਾਂ ਅਤੇ ਭੱਟਾਂ ਦੀ ਬਾਣੀ ਦਰਜ ਹੈ।

ਗੁਰੂ ਕਾਲ ਤੋਂ ਬਾਦ ਵੀ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਦਾ ਪ੍ਰਵਾਹ ਚਲਦਾ ਰਿਹਾ। ਸਿੱਖ ਮਿਸਲਾਂ ਦੇ ਸਰਦਾਰ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਉਂਦੇ ਤੇ ਬਾਣੀ ਦਾ ਕੀਰਤਨ ਸੁਣਦੇ। ਗੁਰੂਆਂ ਦੁਆਰਾ ਚਲਾਈ ਗਈ ਕੀਰਤਨ ਪਰੰਪਰਾ ਦੀ ਸਾਂਭ ਸੰਭਾਲ ਵਿੱਚ ਰਬਾਬੀਆਂ ਦਾ ਬਹੁਤ ਵੱਡਾ ਯੋਗਦਾਨ ਹੈ। ਗੁਰੂ ਘਰ ਦੇ ਪ੍ਰਥਮ ਕੀਰਤਨੀਏ ਭਾਈ ਮਰਦਾਨਾ ਜੀ ਨੇ ਜੀਵਨ ਦੇ ਤਕਰੀਬਨ 58 ਵਰ੍ਹੇ ਗੁਰੂ ਨਾਨਕ ਦੇਵ ਜੀ ਨਾਲ ਕੀਰਤਨ ਦੀ ਸੇਵਾ ਨਿਭਾਈ। ਭਾਈ ਮਰਦਾਨਾ ਜੀ ਤੋਂ ਬਾਦ ਉਸ ਦੇ ਪੁੱਤਰ ਭਾਈ ਸਜਾਦਾ ਤੇ ਭਾਈ ਰਜਾਦਾ, ਗੁਰੂ ਘਰ ਵਿੱਚ ਕੀਰਤਨ ਦੀ ਸੇਵਾ ਕਰਦੇ ਰਹੇ। ਇਨ੍ਹਾਂ ਦੋਹਾਂ ਤੋਂ ਬਾਦ ਭਾਈ ਸਦੂ ਅਤੇ ਭਾਈ ਮੱਦੂ ਨੇ ਕੀਰਤਨ ਸੇਵਾ ਕੀਤੀ। ਗੁਰੂ ਅਮਰਦਾਸ ਜੀ ਦੇ ਸਮੇਂ ਡੱਲਾ ਨਿਵਾਸੀ ਸਿੱਖ-ਭਾਈ ਪਾਧਾ ਅਤੇ ਭਾਈ ਬੂਲਾ ਜੀ ਕੀਰਤਨ ਕਰਦੇ ਸਨ। ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਭਾਈ ਸੱਤਾ ਅਤੇ ਬਲਵੰਡ ਕੀਰਤਨ ਕਰਦੇ ਸਨ, "ਇਹ ਜਾਣਕਾਰੀ-ਤਵਾਰਖੀ ਗੁਰੂ ਖਾਲਸਾ ਕ੍ਰਿਤ ਗਿਆਨੀ, ਗਿਆਨ ਸਿੰਘ (ਛਾਪਾ ਪੱਥਰ ਦਾ) ਪੰਨਾ 176-178 ਤੇ 194 ਤੋਂ ਪ੍ਰਾਪਤ ਹੁੰਦੀ ਹੈ। "ਭਾਈ ਸੱਤਾ ਅਤੇ ਬਲਵੰਡ ਉਹ ਰਬਾਬੀ ਸਿੱਖ ਸਨ ਜਿਨ੍ਹਾਂ ਨੂੰ ਅੰਮ੍ਰਿਤਸਰ ਦਰਬਾਰ ਸਾਹਿਬ ਵਿਖੇ ਸਭ ਤੋਂ ਪਹਿਲੇ ਕੀਰਤਨ ਕਰਨ ਦਾ ਮਾਣ ਪ੍ਰਾਪਤ ਹੈ। ਪਰ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਜਦ ਕੀਰਤਨ ਦੀ ਦਾਤ ਸਿੱਖਾਂ ਦੀ ਝੋਲੀ ਪਾਈ ਤਾਂ ਕੀਰਤਨੀਆਂ ਦੀਆਂ ਦੋ ਸ਼੍ਰੇਣੀਆਂ ਬਣ ਗਈਆਂ। ਇੱਕ ਰਬਾਬੀ ਕੀਰਤਨੀਏ ਅਤੇ ਦੂਜੇ ਸਿੱਖ ਕੀਰਤਨੀਏ। ਗੁਰੂ ਕਾਲ ਤੋਂ ਬਾਦ ਬਹੁਤ ਸਮਾਂ ਦਰਬਾਰ ਸਾਹਿਬ ਵਿਖੇ ਕੀਰਤਨ ਦੀ ਸੇਵਾ ਰਬਾਬੀ ਅਤੇ ਸਿੱਖ ਰਾਗੀ ਮਿਲ ਕੇ ਕਰਦੇ ਰਹੇ। ਬੜੇ-ਬੜੇ ਉਚ ਦਰਜੇ ਦੇ ਰਬਾਬੀ ਸੰਗੀਤਕਾਰ, ਕੀਰਤਨੀਆਂ ਦੇ ਰੂਪ ਵਿੱਚ ਦਰਬਾਰ ਸਾਹਿਬ ਕੀਰਤਨ ਕਰਦੇ ਸਨ। ਇਨ੍ਹਾਂ ਗੁਰੂ ਅਰਜਨ ਦੇਵ ਜੀ ਦੁਆਰਾ ਚਲਾਈ ਕੀਰਤਨ ਪਰੰਪਰਾ ਅਤੇ ਕੀਰਤਨ ਦੇ ਅਮੀਰ ਵਿਰਸੇ ਨੂੰ ਕਾਇਮ ਰੱਖਿਆ। ਸ੍ਰੀ ਦਰਬਾਰ ਸਾਹਿਬ ਦੀ ਉਸਾਰੀ ਮੁਕੰਮਲ ਹੋ ਜਾਣ ਸਮੇਂ ਕੀਰਤਨ ਦੀ ਪ੍ਰਥਾ ਆਰੰਭ ਹੋਈ ਸੀ ਜੋ ਹੁਣ ਤੱਕ ਜਾਰੀ ਹੈ।

ਕੀਰਤਨ ਦੀਆਂ : ਚਉਕੀਆਂ ਚਉਕੀ ਦਾ ਅਰਥ ਹੈ ਗੁਰਬਾਣੀ ਕੀਰਤਨ ਵਾਲੇ ਚਾਰ ਸਿੰਘਾਂ ਤੋਂ ਬਣਿਆ ਜੱਥਾ। ਹਰ ਚਉਕੀ ਵਿੱਚ ਕੀਰਤਨ ਕਰਨ ਵਾਲੇ ਸਿੰਘਾਂ ਦੀ ਗਿਣਤੀ ਚਾਰ ਹੁੰਦੀ ਸੀ। ਜਿਸ ਵਿੱਚ ਇੱਕ ਉਸ ਚਉਕੀ (ਜੱਥੇ) ਦਾ ਮੁੱਖੀ ਹੁੰਦਾ ਸੀ ਤੇ ਦੋ ਸਹਾਇਕ ਹੁੰਦੇ ਸਨ ਜੋ ਦਿਲਰੁਬਾ-ਸਾਰੰਦਾ ਜਾਂ ਤਾਊਸ ਨਾਲ ਕੀਰਤਨ ਕਰਦੇ ਸਨ ਤੇ ਚੌਥਾ ਤਬਲਾ (ਜੋੜੀ) ਵਜਾਉਂਦਾ ਸੀ। ਇਸ ਪ੍ਰਕਾਰ ਹਰ ਕੀਰਤਨ ਚਉਂਕੀ ਤੰਤ੍ਰੀ ਸਾਜਾਂ ਨਾਲ ਹੁੰਦੀ ਸੀ, ਜੋ ਚਉਕੀ ਕਹਾਉਂਦੀ ਸੀ। ਵਿਦਵਾਨ ਕੀਰਤਨੀਏ, ਚਉਕੀ ਦੇ ਚਾਰ ਚਰਣ ਮੰਨਦੇ ਸਨ। ਉਨ੍ਹਾਂ ਚਾਰ ਚਰਣਾਂ ਦੇ ਅਨੁਸਾਰ ਹੀ, ਪਹਿਲਾ ਲਹਿਰਾ ਤੇ ਦੂਸਰਾ ਮੰਗਲਾਚਰਣ, ਤੀਸਰੇ ਚਰਣ ਵਿੱਚ ਖਿਆਲ ਗਾਇਕੀ ਵਾਂਗ ਬੇਨਤੀ ਦੇ ਦੋ ਸ਼ਬਦ ਵਿਲੰਬਤ-ਲੈਯ ਵਿੱਚ ਕਹੇ ਜਾਂਦੇ ਸਨ। ਫਿਰ ਦਰੁਤ ਖਿਆਲ ਵਾਂਗ ਦਾਦਰਾ, ਕਹਿਰਵਾ ਅਤੇ ਤਿੰਨਤਾਲ ਆਦਿ, ਬਹੁਤ ਗਤੀ ਦੇ ਤਾਲਾਂ ਵਿੱਚ ਸ਼ਬਦਾਂ ਦਾ ਗਾਇਨ ਕਰਕੇ, ਚਉਂਕੀ ਦੇ ਚੌਥੇ ਚਰਣ ਵਿੱਚ, ਪਉੜੀ ਲਗਾ ਕੇ ਉਸ ਚਉਂਕੀ ਦੇ ਕੀਰਤਨ ਦੀ ਸਮਾਪਤੀ ਕੀਤੀ ਜਾਂਦੀ ਸੀ।

ਪਰ ਅੱਜ ਕੱਲ੍ਹ ਕੀਰਤਨੀ ਜੱਥੇ ਦੇ ਮੈਂਬਰਾਂ ਦੀ ਗਿਣਤੀ ਸਿਰਫ਼ ਤਿੰਨ ਹੀ ਰਹਿ ਗਈ ਹੈ। ਗੁਣੀ ਗਿਆਨੀ ਗਵੱਈਆਂ ਦੀ ਵੀ ਘਾਟ ਹੋ ਗਈ ਹੈ। ਕੀਰਤਨ ਦਾ ਮੁੱਖ ਸਾਜ ਸਿਰਫ਼ ਹਰਮੋਨੀਅਮ ਹੀ ਬਣ ਗਿਆ ਹੈ। ਕਈ ਜੱਥੇ ਭੈਰਵੀ, ਪਹਾੜੀ, ਕਾਫ਼ੀ ਆਦਿ ਜਿਹੇ ਚੰਚਲ ਪ੍ਰਾਕਿਰਤੀ ਦੇ ਰਾਗਾਂ ਅਤੇ ਚੰਚਲ ਪ੍ਰਕਿਰਤੀ ਦੇ ਦਰੁਤ ਤਾਲਾਂ ਵਿੱਚ ਵੀ ਕੀਰਤਨ ਕਰ ਛੱਡਦੇ ਹਨ। ਅੱਜ ਦੀ ਕੀਰਤਨ ਚਉਂਕੀ ਵਿੱਚ ਇੱਕ ਮੁੱਖੀ ਰਾਗੀ, ਦੂਸਰਾ ਸਹਿਇਕ ਅਤੇ ਤੀਸਰਾ ਜੋੜੀ ਵਾਲਾ ਹੁੰਦਾ ਹੈ।

ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਆਪਣੇ 'ਗੁਰ ਸ਼ਬਦ-ਰਤਨਾਕਰ-ਕੋਸ਼, ਗਰੰਥ ਵਿੱਚ ਲਿਖਿਆ ਹੈ, ਕਿ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸਭ ਤੋਂ ਪਹਿਲੇ ਦਰਬਾਰ ਸਾਹਿਬ ਵਿਖੇ ਕੀਰਤਨ ਦੀਆਂ ਚਾਰ ਚਉਂਕੀਆਂ ਦੀ ਮਰਿਆਦਾ ਨੂੰ ਸਥਾਪਿਤ ਕੀਤਾ:-

1. ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਚਉਂਕੀ।
2. ਸਵਾ ਪਹਿਰ ਦਿਨ ਚੜ੍ਹੇ 'ਬਿਲਾਵਲ ਦੀ ਚਉਂਕੀ ਜਾਂ (ਜਿਸ ਨੂੰ ਚਰਨ-ਕੰਵਲ ਦੀ ਚਉਂਕੀ) ਵੀ ਕਹਿੰਦੇ ਹਨ।
3. ਸੰਝ ਵੇਲੇ ਸੋ-ਦਰ ਦੀ ਚਉਂਕੀ।
4. ਚਾਰ ਘੜੀ, ਰਾਤ ਬੀਤਣ ਤੇ ਕਲਿਆਣ ਦੀ ਚਉਂਕੀ ਲਗਾਈ ਜਾਂਦੀ ਸੀ ਜਿਸ ਵਿੱਚ ਕਲਿਆਣ ਅਤੇ ਕਾਨੜਾ ਆਦਿ ਜਿਹੇ ਰਾਤਰੀ ਦੇ ਰਾਗਾਂ ਤੇ ਅਧਾਰਿਤ ਸ਼ਬਦ ਹੀ ਗਾਏ ਜਾਂਦੇ ਹਨ।

ਸੰਨ 1907, 1908 ਦੇ ਲਗਭਗ ਭਾਈ ਵੀਰ ਸਿੰਘ ਜੀ ਖਾਲਸਾ ਟਰੈਕਟਰ ਸੋਸਾਇਟੀ ਵਲੋਂ ਛੱਪੇ ਗੁਰੂ ਗਰੰਥ ਕੋਸ਼ ਦੀ ਅੰਤਿਕਾ ਵਿੱਚ 'ਗੁਰਮਤਿ ਸੰਗੀਤ ਸਿਰਲੇਖ ਹੇਠ ਪੰਨਾ 1379 ਤੇ ਪੰਜ ਚਉਂਕੀਆਂ ਦਾ ਜ਼ਿਕਰ ਮਿਲਦਾ ਹੈ, ਅਤੇ ਨਾਲ ਹੀ ਇਹ ਵੀ ਲਿਖਿਆ ਹੋਇਆ ਹੈ ਕਿ ਇਨ੍ਹਾਂ ਪੰਜਾਂ ਚਉਂਕੀਆਂ ਦੀ ਸਮਾਪਤੀ ਉਪਰੰਤ ਪੰਜੇ ਵੇਲੇ ਖੜੇ ਹੋ ਕੇ ਅਰਦਾਸੇ ਕੀਤੇ ਜਾਂਦੇ ਹਨ। ਹੋਰ ਕਿਸੇ ਵੀ ਕੀਰਤਨ ਦੇ ਅੰਤ ਦੇ ਅਰਦਾਸਾ ਨਹੀਂ ਸੋਧਿਆ ਜਾਂਦਾ। ਭਾਈ ਵੀਰ ਸਿੰਘ ਜੀ ਖਾਲਸਾ ਟਰੈਕਟ ਵਲੋਂ ਜੋ ਪੰਜ ਚਉਂਕੀਆਂ ਨੀਯਤ ਹਨ ਉਨ੍ਹਾਂ ਦਾ ਵਰਨਣ ਇਸ ਪ੍ਰਕਾਰ ਹੈ:-

1. ਪਹਿਲੀ ਚਉਂਕੀ ਪਹਿਰ ਰਾਤ ਰਹਿੰਦਿਆਂ ਆਸਾ ਜੀ ਦੀ ਵਾਰ' ਦੀ ਚਉਂਕੀ ਲਗਾਈ ਜਾਂਦੀ ਹੈ।

2. ਦੂਸਰੀ ਆਨੰਦ ਦੀ ਚਉਂਕੀ ਜੋ 11 ਵਜੇ ਤੋਂ 12 ਵਜੇ ਤਕ ਲਗਾਈ ਜਾਂਦੀ ਹੈ।

3. ਤੀਸਰੀ ਡੇਢ ਤੋਂ ਤਿੰਨ ਵਜੇ ਤਕ ਚਰਨ ਕੰਵਲ ਦੀ ਚਉਂਕੀ ਲਗਾਈ ਜਾਂਦੀ ਹੈ (ਜਿਸ ਨੂੰ ਬਿਲਾਵਲ ਦੀ ਚਉਂਕੀ ਵੀ ਕਹਿੰਦੇ ਹਨ)

4. ਸੰਝ ਨੂੰ ਸੋ-ਦਰ ਦੀ ਚਉਂਕੀ।

5. ਸਵਾ ਪਹਿਰ ਰਾਤ ਗਏ ਕੀਰਤਨ ਸੋਹਿਲੇ ਦੀ ਚਉਂਕੀ।

ਇੱਕ ਉਰਦੂ ਭਾਸ਼ਾ ਵਿੱਚ ਛਪੀ ਹੋਈ "ਪੁਸਤਕ ਦਸਤੂਰ-ਓਲ-ਅਮਲ, ਸ੍ਰੀ ਦਰਬਾਰ ਸਾਹਿਬ' ਇਹ ਉਸ ਦਾ ਨਾਮ ਹੈ। ਇਸ ਪੁਸਤਕ 1926 ਤੋਂ 1940 ਬਿਕ੍ਰਮੀ ਦੇ ਵਿਚਕਾਰ ਲਿਖੀ ਗਈ ਸੀ। ਇਸ ਵਿੱਚ ਲਿਖਿਆ ਹੈ ਕਿ ਸਧਾਰਣ ਤੌਰ 'ਤੇ ਦਰਬਾਰ ਸਾਹਿਬ ਦੇ ਨਿੱਤ ਦੇ ਨਿਯਮ ਵਿੱਚ 15- ਚਉਂਕੀਆਂ ਹੁੰਦੀਆਂ ਹਨ।ਪਾਕਿਸਤਾਨ-ਹਿੰਦੁਸਤਾਨ ਦੀ ਵੰਡ ਤੋਂ ਪਹਿਲਾਂ, ਇਨ੍ਹਾਂ ਵਿਚੋਂ 8 ਚਉਂਕੀਆਂ ਸਿੱਖ ਰਾਗੀਆਂ ਦੀਆਂ ਅਤੇ 7 ਚਉਂਕੀਆਂ ਰਬਾਬੀਆਂ ਦੀਆਂ ਹੁੰਦੀਆਂ ਸਨ। ਪਾਕਿਸਤਾਨ ਹਿੰਦੁਸਤਾਨ ਦੀ ਵੰਡ ਤੋਂ ਬਾਦ, ਵਧੇਰੇ ਰਬਾਬੀ ਪਾਕਿਸਤਾਨ ਚਲੇ ਗਏ ਇਸ ਕਰਕੇ 15 ਦੀਆਂ 15 ਚਉਂਕੀਆਂ ਸਿੱਖ ਕੀਰਤਨੀਏ ਲਗਾਉਣ ਲਗ ਪਏ ਸਨ। ਇਸ ਦਾ ਵਰਣਨ ਸਾਨੂੰ ਇਕ ਹੋਰ ਪੁਸਤਕ "ਤਵਾਰੀਖ ਸ੍ਰੀ ਅੰਮ੍ਰਿਤਸਰ" ਜੋ ਬਿਕ੍ਰਮੀ ਸੰ: 1972 ਵਿੱਚ, ਗਿਆਨੀ ਗਿਆਨ ਸਿੰਘ ਜੀ ਦੁਆਰਾ ਲਿਖੀ ਗਈ ਉਸ ਵਿਚੋਂ ਮਿਲਦਾ ਹੈ।

ਦਰਬਾਰ ਸਾਹਿਬ ਵਿਖੇ ਕੀਰਤਨ ਦਾ ਪਰਵਾਹ ਨਿਰੰਤਰ ਚਲਦਾ ਰਹਿੰਦਾ ਹੈ। ਇਥੇ ਲਗਭਗ ਗਰਮੀਆਂ ਵਿੱਚ 20 ਘੰਟੇ ਅਤੇ ਸਰਦੀਆਂ ਵਿੱਚ 18 ਘੰਟੇ ਕੀਰਤਨ ਹੁੰਦਾ ਹੈ। ਦਰਬਾਰ ਸਾਹਿਬ ਦੇ ਸਾਬਕਾ ਹੈੱਡ ਗਰੰਥੀ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਅਨੁਸਾਰ "ਅੱਜ ਕੱਲ੍ਹ ਵੀ ਦਰਬਾਰ ਸਾਹਿਬ ਵਿੱਚ ਕੀਰਤਨ ਦੀਆਂ 15 ਚਉਂਕੀਆਂ ਹੀ ਲਗਾਈਆਂ ਜਾਂਦੀਆਂ ਹਨ। ਪਰ ਅੱਜ ਕਲ੍ਹ ਹਰ ਇੱਕ ਜੱਥਾ ਪਹਿਲੇ ਦੀਆਂ ਦੋ ਚਉਂਕੀਆਂ ਜਿਤਨਾ ਸਮਾਂ ਲਗਾਉਂਦਾ ਹੈ। ਇਸ ਪ੍ਰਕਾਰ 15 ਚਉਂਕੀਆਂ ਦੇ ਕੀਰਤਨ ਲਈ 7 ਜੱਥੇ ਹਰ ਰੋਜ਼ ਬੈਠਦੇ ਹਨ।ਹਰ ਕੀਰਤਨ ਚਉਂਕੀ ਦੀ ਸਮਾਪਤੀ ਉਪਰੰਤ ਪਉੜੀ ਲਗਾਈ ਜਾਂਦੀ ਹੈ। ਜ਼ਿਆਦਾਤਰ, "ਵਡੀ ਹੂ ਵਡਾ ਅਪਾਰ ਤੇਰਾ ਮਰਤਬਾ" ਜਾਂ "ਸੰਤ ਜਨਾ ਮਿਲ ਹਰਿ ਜਸ ਗਾਇਓ" ਆਦਿ।

ਆਸਾ ਦੀ ਵਾਰ ਦਾ ਆਰੰਭ:- ਸਿੱਖ ਧਰਮ ਦੇ ਇਤਿਹਾਸ ਅਨੁਸਾਰ ਪਹਿਰ ਰਾਤਰੀ ਰਹਿੰਦਿਆਂ ਹੋਇਆਂ ਆਸਾ ਜੀ ਦੀ ਵਾਰ ਆਰੰਭ ਕੀਤੀ ਜਾਂਦੀ ਹੈ। ਇਸ ਮਰਿਆਦਾ ਦਾ ਆਰੰਭ ਗੁਰੂ ਅੰਗਦ ਦੇਵ ਜੀ ਦੇ ਸਮੇਂ ਤੋਂ ਹੀ ਹੋ ਗਿਆ ਸੀ। ਜੋ ਪਰੰਪਰਾ ਅੱਜ ਤਕ ਉਸੇ ਤਰ੍ਹਾਂ ਚਲੀ ਆ ਰਹੀ ਹੈ।ਆਸਾ ਦੀ ਵਾਰ ਗਾ ਕੇ ਪੜ੍ਹਨ ਦਾ ਮੁੱਢ ਗੁਰੂ ਅੰਗਦ ਦੇਵ ਜੀ ਨੇ ਸਭ ਤੋਂ ਪਹਿਲੇ ਕਰਤਾਰਪੁਰ ਸਾਹਿਬ ਵਿਖੇ ਬੰਨ੍ਹਿਆਂ। ਫਿਰ ਅਗੋਂ, ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਸਾ ਦੀ ਵਾਰ ਵਿੱਚ 24 ਛਕੇ ਤੇ 24 ਪੌੜੀਆਂ ਹੋਰ ਜੋੜ ਕੇ ਇਕ ਨਵੀਂ ਮਰਿਆਦਾ ਕਾਇਮ ਕੀਤੀ। ਜਿਸ ਨੂੰ ਅੱਜ ਤਕ ਉਸੇ ਤਰ੍ਹਾਂ ਪੜ੍ਹਿਆ ਜਾਂਦਾ ਹੈ। ਇਸ ਬਾਣੀ ਨੂੰ ਆਸਾ ਆਦਿ ਜਿਹੇ ਸਵੇਰ ਦੇ ਰਾਗਾਂ ਵਿੱਚ ਹੀ ਗਾਇਆ ਜਾਂਦਾ ਹੈ।

ਸੋ-ਦਰ ਦੀ ਚਉਂਕੀ: ਪ੍ਰਚਲਿਤ ਮਰਿਆਦਾ ਅਨੁਸਾਰ ਸੰਧਿਆ ਸਮੇਂ ਸੋ-ਦਰ ਦੀ ਚਉਂਕੀ ਦਾ ਆਰੰਭ ਆਸਾ ਰਾਗ ਦੇ ਸ਼ਬਦਾਂ ਨਾਲ ਹੁੰਦਾ ਹੈ। ਫਿਰ ਸੋਦਰ ਦੀ ਸਮਾਪਤੀ ਤੋਂ ਬਾਦ ਅਰਦਾਸ ਹੁੰਦੀ ਹੈ। ਉਸ ਤੋਂ ਬਾਦ ਹੁਕਮਨਾਮਾ, ਆਰਤੀ ਤੇ, ਫਿਰ ਕੀਰਤਨ ਦਾ ਪਰਵਾਹ ਚਾਲੂ ਹੋ ਜਾਂਦਾ ਹੈ। ਇਹ ਕੀਰਤਨ 8.25 ਤੋਂ ਆਰੰਭ ਹੁੰਦਾ ਹੈ ਜਿਸ ਨੂੰ ਕਲਿਆਣ ਦੀ ਚਉਂਕੀ ਦਾ ਕੀਰਤਨ ਕਹਿੰਦੇ ਹਨ। ਇਸ ਵਿੱਚ ਰਾਤਰੀ ਦੇ ਰਾਗਾਂ ਦਾ ਹੀ ਪ੍ਰਯੋਗ ਹੁੰਦਾ ਹੈ।ਇਹ ਕੀਰਤਨ ਕਰੀਬ ਅੱਧਾ ਪੌਣਾ ਘੰਟਾ ਚਲਦਾ ਹੈ। ਉਸ ਦੀ ਸਮਾਪਤੀ ਤੋਂ ਬਾਦ ਆਖਰੀ ਚਉਂਕੀ ਵਿੱਚ ਕੀਰਤਨ-ਸੋਹਿਲਾ-ਸਾਹਿਬ ਦਾ ਪਾਠ ਹੁੰਦਾ ਹੈ। ਜਿਸ ਨੂੰ ਸਮਾਪਤੀ ਦੀ ਚਉਕੀ ਵੀ ਕਹਿੰਦੇ ਹਨ। ਉਪਰੰਤ ਸਮਾਪਤੀ ਦੀ ਅਰਦਾਸ ਅਤੇ ਫਿਰ ਮਹਾਰਾਜ ਦੀ ਸਵਾਰੀ ਨੂੰ ਪਾਲਕੀ ਵਿੱਚ ਕੋਠਾ ਸਾਹਿਬ ਅਕਾਲ ਤੱਖਤ ਵਿਖੇ ਸੁੱਖਆਸਨ ਲਈ ਲੈ ਜਾਇਆ ਜਾਂਦਾ ਹੈ। ਇਥੇ ਸੁਖਆਸਨ ਲਗਭਗ 10.30 ਤੋਂ 11 ਵਜੇ ਰਾਤ ਤਕ ਹੋ ਜਾਂਦਾ ਹੈ।

ਜੇ ਇਥੇ ਅਸੀਂ ਰਾਗਾਂ ਦੇ ਸਮੇਂ ਸਿਧਾਂਤ ਦੀ ਗੱਲ ਕਰੀਏ ਤਾਂ ਗੁਰੂ ਸਾਹਿਬਾਨਾ ਨੇ ਕੀਰਤਨ ਚਉਂਕੀਆਂ ਦੀ ਮਰਿਆਦਾ ਕਾਇਮ ਕਰਦੇ ਸਮੇਂ ਭਾਰਤੀ ਰਾਗਾਂ ਦੇ ਸਮੇਂ ਸਿਧਾਂਤ ਦਾ ਵੀ ਵਿਸ਼ੇਸ਼ ਧਿਆਨ ਰੱਖਿਆ। ਹਰ ਬਾਣੀ ਸਮੇਂ ਮੁਤਾਬਿਕ ਰਾਗਾਂ ਵਿੱਚ ਨਿਸ਼ਚਿਤ ਕੀਤੀ ਹੈ। ਇਸੇ ਤਰ੍ਹਾਂ ਸ਼ਾਮ ਨੂੰ ਸੋਦਰ ਜੋ ਸ਼ਾਮ ਦਾ ਰਾਗ ਹੈ ਉਸ ਵਿੱਚ ਸੋਦਰ ਦੀ ਬਾਣੀ ਨਿਸ਼ਚਿਤ ਕੀਤੀ ਹੈ। ਸੋਦਰ ਦੀ ਸਾਰੀ ਬਾਣੀ ਸ਼ਾਮ ਦੇ ਰਾਗ ਵਿੱਚ ਹੀ ਹੈ। ਰਾਤ ਨੂੰ ਕਾਨੜਾ ਤੇ ਕਲਿਆਣ ਦੀ ਚਉਂਕੀ ਵਿੱਚ ਰਾਤਰੀ ਦੀ ਬਾਣੀ ਇਨ੍ਹਾਂ ਰਾਤਰੀ ਦੇ ਰਾਗਾਂ ਵਿੱਚ ਹੀ ਗਾਈ ਜਾਂਦੀ ਹੈ।

ਪੁਰਾਣੇ ਸਮੇਂ ਵਿੱਚ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਦੇ ਰਾਗੀ ਤੇ ਰਬਾਬੀ ਸੰਗੀਤ ਦੇ ਮਹਾਨ ਆਚਾਰੀਆ ਹੁੰਦੇ ਸਨ। ਉੱਥੋਂ ਦੇ ਕਈ ਬਜ਼ੁਰਗ ਦਸਦੇ ਹਨ ਕਿ ਭਾਰਤ ਵਰਸ਼ ਦੇ ਚੰਗੇ-ਚੰਗੇ ਸੰਗੀਤਕਾਰ ਇਥੋਂ ਦੇ ਰਾਗੀਆਂ ਨਾਲ ਮੁਕਾਬਲਾ ਕਰਨੋਂ ਝਿਜਕਦੇ ਸਨ। ਪਰ ਅੱਜ ਕਲ੍ਹ ਕਈ ਗੁਰਦੁਆਰਿਆਂ ਵਿੱਚ ਸਾਡੇ ਰਾਗੀ ਗੁਰਬਾਣੀ ਦੇ ਅਤੇ ਸੰਗੀਤ ਦੇ ਸਿਧਾਂਤਾਂ ਦੀ ਉਲੰਘਣਾ ਕਰਦੇ ਵੇਖੇ ਜਾਂਦੇ ਹਨ, ਜੋ ਸਮੇਂ ਦੇ ਵਿਪਰੀਤ ਰਾਗਾਂ ਵਿੱਚ ਵੀ ਕੀਰਤਨ ਕਰ ਲੈਂਦੇ ਹਨ। ਕੀਰਤਨ ਦਾ ਮੁੱਖ ਸਾਜ਼ ਹਰਮੋਨੀਅਮ ਹੀ ਬਣ ਗਿਆ ਹੈ ਜਦਕਿ ਪਹਿਲੀ ਪਾਤਸ਼ਾਹੀ ਤੋਂ ਲੈ ਕੇ ਦਸਵੀਂ ਪਾਤਸ਼ਾਹੀ ਦੇ ਦਰਬਾਰਾਂ ਵਿੱਚ ਸਿਰਫ਼ ਤੰਤੀ ਸਾਜ਼ਾਂ ਨਾਲ ਹੀ ਕੀਰਤਨ ਹੁੰਦਾ ਸੀ। ਪਰ ਅੱਜ ਇਹ ਰਿਵਾਜ ਅਲੋਪ ਹੋ ਗਿਆ ਹੈ।

ਚਉਂਕੀਆਂ ਦੀ ਮਰਿਆਦਾ ਵਿੱਚ ਰੁੱਤ ਅਨੁਸਾਰ ਰਾਗਾਂ ਦਾ ਪ੍ਰਯੋਗ:- ਫ਼ੱਗਣ-ਚੇਤਰ ਦੇ ਮਹੀਨੇ ਹਰਿਮੰਦਰ ਸਾਹਿਬ ਵਿਖੇ ਹਰ ਕੀਰਤਨੀ ਜੱਥਾ ਆਪਣੀ ਚਉਂਕੀ ਦਾ ਆਰੰਭ ਬਸੰਤ ਰਾਗ ਨਾਲ ਕਰਦਾ ਹੈ। ਇੱਕ ਬਹੁਤ ਹੀ ਰੌਚਕ ਗੱਲ ਵੇਖਣ ਨੂੰ ਮਿਲਦੀ ਹੈ ਕਿ ਪਹਿਲੀ ਮਾਘ ਵਾਲੇ ਦਿਨ ਸਵੇਰ ਦਾ ਜੱਥਾ ਪੀਲੇ ਫੁੱਲਾਂ ਦਾ ਗੁਲਦਸਤਾ ਮਹਾਰਾਜ ਨੂੰ ਅਰਪਣ ਕਰਕੇ ਬਸੰਤ ਰਾਗ ਖੋਲਦਾ ਹੈ ਭਾਵ ਬਸੰਤ ਰਾਗ ਵਿੱਚ ਹੀ ਕੀਰਤਨ ਦਾ ਆਰੰਭ ਕੀਤਾ ਜਾਂਦਾ ਹੈ। ਹਰ ਜੱਥੇ ਨੇ ਆਪਣੇ ਕੀਰਤਨ ਵਿੱਚ ਬਸੰਤ ਦੀ ਵਾਰ ਦੀਆਂ ਹੀ ਤਿੰਨੇ ਪਉੜੀਆਂ ਲਗਾ ਕੇ ਸਮਾਪਤੀ ਵੀ ਕਰਨੀ ਹੁੰਦੀ ਹੈ। ਇਹ ਕੀਰਤਨ ਚਉਂਕੀਆਂ ਦਾ ਇੱਕ ਰੋਚਕ ਜਿਹਾ ਨਿਯਮ ਵੇਖਣ-ਸੁਣਨ ਨੂੰ ਮਿਲਦਾ ਹੈ।

# ਤਬਲੇ ਦਾ ਮਹੱਤਵ

ਹਰਭਜਨ ਸਿੰਘ ਧਾਰੀਵਾਲ
ਐਮ. ਏ. (ਸੰਗੀਤ), ਬੀ. ਐਡ.

ਅੱਜ ਤਬਲਾ ਸਾਜ਼ ਸਾਰੇ ਪ੍ਰਕਾਰ ਦੇ ਤਾਲ ਸਾਜ਼ਾਂ ਵਿੱਚੋਂ ਸੋਲੋਵਾਦਨ ਅਤੇ ਸੰਗਤ ਦੇ ਰੂਪ ਵਿੱਚ ਪ੍ਰਯੋਗ ਹੋਣ ਕਰਕੇ ਸਭ ਤੋਂ ਮਹੱਤਵਪੂਰਨ ਹੋ ਗਿਆ ਹੈ। ਭਾਵੇਂ ਪਖਾਵਜ ਸਾਜ ਪ੍ਰਾਚੀਨ ਕਾਲ ਦਾ ਸਭ ਤੋਂ ਮਹੱਤਵਪੂਰਨ ਸਾਜ਼ ਸੀ ਪ੍ਰੰਤੂ ਤਬਲਾ ਉਸ ਤੋਂ ਵੀ ਵੱਧ ਉਪਯੋਗੀ ਸਾਬਿਤ ਹੋਇਆ ਹੈ। ਕਿਉਂਕਿ ਤਬਲੇ ਦੇ ਖੁਲ੍ਹੇ ਤੇ ਜੋਰਦਾਰ, ਬੰਦ ਅਤੇ ਮੁਲਾਇਮ ਸਾਰੇ ਪ੍ਰਕਾਰ ਦੇ ਬੋਲ ਸੁੰਦਰਤਾ ਨਾਲ ਵਜਾਏ ਜਾ ਸਕਦੇ ਹਨ। ਤਬਲੇ ਦੇ ਪਖਾਵਜ ਦੀ ਥਾਪ ਤੋਂ ਇਲਾਵਾ ਖੱਬੇ ਤਬਲੇ ਰਾਹੀਂ ਗਮਕ ਤੇ ਘਸੀਟ ਜੋ ਢੋਲਕੀ ਤੇ ਵਜਾਈ ਜਾਂਦੀ ਹੈ, ਆਸਾਨੀ ਨਾਲ ਇਸ ਪ੍ਰਕਾਰ ਦੇ ਬੋਲ ਵਜਾਏ ਜਾ ਸਕਦੇ ਹਨ। ਤਬਲੇ ਦੀ ਸੰਗਤ ਭਾਵੇਂ ਧਰੁਵਪਦ ਦੇ ਨਾਲ ਖੁਲ੍ਹੇ ਬੋਲਾਂ ਰਾਹੀਂ ਕੀਤੀ ਜਾਵੇ ਜਾਂ ਖਿਆਲ ਨਾਲ ਬੰਦ ਬੋਲਾਂ ਰਾਹੀਂ ਕੀਤੀ ਜਾਵੇ ਦੋਹਾਂ ਹਾਲਤਾਂ 'ਚ ਤਬਲੇ ਦੀ ਸੰਗਤ ਉਤਮ ਰਹਿੰਦੀ ਹੈ। ਗਾਇਨਵਾਦਨ ਦੀ ਸੰਗਤ ਅਤੇ ਸੋਲੋ ਵਾਦਨ ਕਰਕੇ ਤਬਲਾ ਵੱਧ ਤੋਂ ਵੱਧ ਫਾਇਦੇ ਮੰਦ ਸਾਬਤ ਹੋਇਆ ਹੈ।

ਤਬਲਾ ਇੱਕ ਅਜਿਹਾ ਸਾਜ਼ ਹੈ ਜੋ ਹਰੇਕ ਤਰ੍ਹਾਂ ਦੀ ਸੰਗਤ ਲਈ ਲਾਭਦਾਇਕ ਹੈ, ਭਾਵੇਂ ਉਹ ਗਾਇਨ, ਵਾਦਨ ਜਾਂ ਨਾਚ ਕਿਉਂ ਨਾ ਹੋਵੇ ਅਤੇ ਗਾਇਨ ਦੀਆਂ ਸਾਰੇ ਪ੍ਰਕਾਰ ਦੀਆਂ ਸ਼ੈਲੀਆਂ, ਧਰੁਵਪਦ-ਧਮਾਰ, ਖਿਆਲ, ਠੁਮਰੀ, ਦਾਦਰਾ, ਗੀਤ, ਭਜਨ, ਸ਼ਬਦ ਆਦਿ ਲਈ। ਗਾਇਕਾਂ ਦੇ ਉੱਚੇ ਨੀਵੇਂ ਸਵਰ ਤੇ ਮੁਤਾਬਿਕ ਇਹ ਸਾਜ ਮਿਲਾਇਆ ਜਾ ਸਕਦਾ ਹੈ। ਸ਼ਾਸਤਰੀ ਸੰਗੀਤ ਦੀ ਸੰਗਤ ਤਬਲੇ ਦੁਆਰਾ ਹੀ ਸੰਤੋਸ਼ਜਨਕ ਹੁੰਦੀ ਹੈ। ਸੱਜੇ ਖੱਬੇ ਹੱਥ ਦੀਆਂ ਉਂਗਲਾਂ ਦਾ ਵਧੇਰੇ ਪ੍ਰਯੋਗ ਹੋਣ ਕਰਕੇ ਇਸ ਦੇ ਬੋਲ ਤੇਜ਼ ਲੈਅ ਵਿੱਚ ਵੀ ਵਜਾਏ ਜਾ ਸਕਦੇ ਹਨ। ਸਿਤਾਰ ਦੇ ਝਾਲੇ ਅਤੇ ਤਰਾਨੇ ਦੀ ਸੰਗਤ ਲਈ ਤੇਜ਼ ਗਤੀ ਨਾਲ ਤਬਲੇ ਤੇ ਉਂਗਲਾਂ ਦੇ ਪ੍ਰਯੋਗ ਹੋਣ ਕਰਕੇ ਇਹ ਸਾਜ਼ ਬਾਕੀ ਸਾਜ਼ਾਂ ਨਾਲੋਂ ਆਪਣਾ ਇੱਕ ਅਲੱਗ ਸਥਾਨ ਬਣਾ ਗਿਆ ਹੈ। ਖੱਬੇ ਤਬਲੇ ਭਾਵ ਗੂੰਜਦਾਰ-ਡੁੱਗੀ ਵਿੱਚੋਂ ਖੱਬੇ ਹੱਥ ਦੀ ਹਥੇਲੀ ਨਾਲ ਘਸੀਟ ਗਮਕ ਤੋਂ ਇਲਾਵਾ ਦਾਬ-ਗਾਂਠ ਕਰਕੇ ਭਰਪੂਰ ਸੁੰਦਰਤਾ, ਕੋਮਲਤਾ, ਮਿਠਾਸ, ਅਕਰਸ਼ਕ ਬੋਲਾਂ ਦਾ ਨਿਕਾਸ ਹੋ ਸਕਦਾ ਹੈ।

ਤਬਲਾ ਸ਼ਾਸਤਰੀ ਸੰਗੀਤ ਤੋਂ ਇਲਾਵਾ ਅਰਧ ਸ਼ਾਸਤਰੀ ਸੰਗੀਤ ਵਿੱਚ ਗਾਈ ਜਾਣ ਵਾਲੀ ਠੁਮਰੀ ਤੇ ਗਜ਼ਲ ਆਦਿ ਦੀ ਸੰਗਤ ਲਈ ਲਾਹੇਵੰਦ ਹੈ। ਨਜ਼ਾਕਤ ਨਾਲ ਗਾਈ ਜਾਣ ਵਾਲੀ ਗ਼ਜ਼ਲ ਦੇ ਮਿੱਠੇ ਸਵਰ ਅਤੇ ਤਬਲੇ ਦੇ ਉਂਗਲੀਆਂ ਦੇ ਪ੍ਰਵਾਹ ਤੋਂ ਨਿਕਲੇ ਕੋਮਲ ਤੇ ਮਿੱਠੇ ਬੋਲਾਂ ਦਾ ਨਿਕਾਸ ਸੰਗੀਤ ਦੀ ਮਹਿਫਲ ਵਿੱਚ ਰਸ ਘੋਲ ਦਿੰਦਾ ਹੈ। 'ਗ਼ਜ਼ਲ-ਗਾਇਨ ਵਿੱਚ ਤਬਲਾ ਵਾਦਨ ਦਾ ਉਹੀ ਮਹੱਤਵ ਹੈ, ਜੋ ਸ਼ਰੀਰ ਵਿੱਚ ਪ੍ਰਾਣ ਦਾ ਹੈ। ਪ੍ਰਾਣ ਹੀਣ ਸਰੀਰ ਦੀ ਜੋ ਹਾਲਤ ਹੁੰਦੀ ਹੈ, ਠੀਕ ਉਹੋ ਹੀ ਤਬਲੇ ਦੀ ਸੰਗਤ ਤੋਂ ਬਿਨ੍ਹਾਂ ਗ਼ਜ਼ਲ ਗਾਇਣ ਦੀ ਸਮਝਣੀ ਚਾਹੀਦੀ ਹੈ।[1]

'ਤਬਲਾ ਸਾਰੇ ਪ੍ਰਕਾਰ ਦੀਆਂ ਗਾਇਨ ਸ਼ੈਲੀਆਂ ਅਤੇ ਵਾਦਨ ਸ਼ੈਲੀਆਂ ਦੀ ਸੰਗਤਿ ਦੇ ਲਈ ਉਪਯੋਗੀ ਹੈ, ਇਸ ਲਈ ਇਸਦਾ ਸਭ ਤੋਂ ਵੱਧ ਪ੍ਰਚਾਰ ਹੋਣਾ ਸੁਭਾਵਿਕ ਹੈ। ਭਰਿਆ ਹੋਇਆ ਠੇਕਾ ਤਬਲੇ ਦੁਆਰਾ ਹੀ ਸੰਭਵ ਹੈ। ਪਖਾਵਜ ਦੇ ਬੋਲ ਤਬਲੇ ਤੇ ਵਜਾਏ ਜਾ ਸਕਦੇ ਹਨ ਪਰ ਤਬਲੇ ਦੇ ਕਈ ਐਸੇ ਬੋਲ ਜਾਂ ਬੰਦਿਸ਼ਾਂ ਹਨ ਜੋ ਪਖਾਵਜ ਆਦਿ ਸਾਜ਼ ਤੇ ਨਹੀਂ ਵਜਾਏ ਜਾ ਸਕਦੇ, ਜਿਸ ਤਰ੍ਹਾਂ ਕੁੱਠ ਕਾਇਦੇ ਤੇ ਲੱਗੀਆਂ ਆਦਿ। ਗਾਇਨ ਵਿੱਚ ਸੁਗਮ ਸੰਗੀਤ ਦਾ ਅੱਜ ਅਤਿਅੰਤ ਪ੍ਰਭਾਵ ਹੈ। ਦਾਦਰਾ, ਕਹਿਰਵਾ, ਆਦਿ ਦੇ ਠੇਕੇ ਅਤੇ ਉਨ੍ਹਾਂ ਦੇ ਪ੍ਰਕਾਰਾਂ ਨੂੰ ਤਬਲੇ ਤੇ ਹੀ ਚੰਗੀ ਤਰ੍ਹਾਂ ਵਜਾਇਆ ਜਾ ਸਕਦਾ ਹੈ।[2]

'ਅੱਜ ਦੀਆਂ ਸੰਗੀਤ ਮਹਿਫਲਾਂ ਦਾ ਸਿਰਤਾਜ ਤਬਲਾ, ਗਾਇਕ, ਵਾਦਕ ਤੇ ਨ੍ਰਿਤਕ ਦਾ ਸਾਥੀ ਰਹਿੰਦਾ ਹੈ। ਸੰਗੀਤ ਦੇ ਲਈ ਹੋਰ ਕੋਈ ਸਾਜ਼ ਹੋਵੇ ਨਾ ਹੋਵੇ, ਪ੍ਰੰਤੂ ਤਬਲੇ ਦਾ ਹੋਣਾ ਜ਼ਰੂਰੀ ਹੈ। ਇਹ ਗਾਉਣ ਵਜਾਉਣ ਤੇ ਨੱਚਣ ਨੂੰ ਇੱਕ ਨਿਸ਼ਚਿਤ ਗਤੀ ਜਾਂ ਚਾਲ ਪ੍ਰਦਾਨ ਕਰਦਾ ਹੈ ਅਤੇ ਉਸ ਦੀ ਗਤੀ ਨੂੰ ਨਿਰੰਤਰ ਰੱਖਦਾ ਹੈ ਅਤੇ ਕਲਾਕਾਰ ਨੂੰ ਨਿਰਧਾਰਤ ਦਾਇਰੇ ਤੋਂ ਬਾਹਰ ਨਹੀਂ ਜਾਣ ਦੇਂਦਾ।[3]

'ਅੱਜ ਦਾ ਗਾਇਨ ਦੇ ਸਾਰੇ ਪ੍ਰਕਾਰਾਂ ਵਿੱਚ ਤੰਤੀ ਸਾਜ਼ਾਂ ਅਤੇ ਨਾਚ ਦੀ ਸੰਗਤ ਵਿੱਚ ਤਬਲਾ ਇੱਕ ਜ਼ਰੂਰੀ ਸਾਜ਼ ਬਣ ਚੁੱਕਾ ਹੈ। ਇਸ ਦਾ ਇਕ ਮਾਤਰ ਕਾਰਣ ਇਹ ਹੈ ਕਿ ਇਸ ਸਾਜ ਵਿੱਚ ਹੋਰ ਅਵਨਧ ਸਾਜ਼ਾਂ ਜਿਵੇਂ:- ਪਖਾਵਜ, ਢੋਲਕ, ਨਾਲ ਆਦਿ ਸਾਜ਼ਾਂ ਦੇ ਸਾਰੇ ਗੁਣ ਮੌਜੂਦ ਹਨ।'[4]

'ਉਂਗਲੀਆਂ ਨਾਲ ਵਜਾਏ ਜਾਣ ਕਾਰਣ ਇਸ ਵਿੱਚ ਦਰੁੱਤ ਲੈਅ ਦਾ ਵਾਦਨ ਜਿੰਨੇ ਚੰਗੇ ਢੰਗ ਨਾਲ ਹੁੰਦਾ ਹੈ ਉਨ੍ਹਾਂ ਹੋਰ ਕਿਸੇ ਤਾਲ ਸਾਜ਼ਾਂ ਵਿੱਚ ਕਠਿਨ ਹੈ।'[5]

'ਗਾਇਨ ਦੀ ਸੰਗਤ ਹੋਵੇ ਭਾਵੇਂ ਤੰਤੀ ਤਬਲੇ ਦੀ ਆਵਾਜ਼ ਨਿਰਾਲੀਆਂ ਹੀ ਸਵਰ ਲਹਿਰੀਆਂ ਦੇ ਦਰਸ਼ਨ ਕਰਾਉਂਦੀ ਹੈ। ਆਵਾਜ਼ ਦੇ ਇਸ ਨਿਰਲੇਪਨ ਵਿੱਚੋਂ ਬਾਹਰ ਆ ਜਾਂਦੀ ਹੈ।[6]

*"The Tabla is the most widely used percussion instrument in the north, Although the Pakhawaj (aslo called Mridanga) is the most ancient of all percussion instruments it has been more or less superseded by the Tabla. The Tabla constitutes a vital part of Indian music, essentially in the North, and no concert, either Vocal or Instrumental can take place without a pair of Tablas.*[7]

*'Tabla is an important instrument and widely used with vocal and instrumental*

*music and dance in India. It makes the music and dance more attractive, melodius and appealing'*

*'Tabla is an important instrument and widely used with vacal and instrumental music and dance in India. It makes the music and dance more attractive, melodius and appealing'*

*'The Tabla is used all over the north, east and west for accompanying classical, light and modern music, either Vocal or Instrumental and it is very essential for Kathak dance.'*

ਇਨ੍ਹਾਂ ਉਪਰੋਕਤ ਵਿਚਾਰਧਾਰਾਵਾਂ ਤੋਂ ਪਤਾ ਲਗਦਾ ਹੈ ਕਿ ਤਬਲਾ ਸਾਜ ਕਿੰਨ੍ਹਾਂ ਉਪਯੋਗੀ ਤੇ ਮਹੱਤਵਪੂਰਨ ਹੈ, ਬਾਕੀ ਅਵਨਧ ਸਾਜ ਜਿਵੇਂ ਢੋਲ, ਢੋਲਕ, ਨਗਾੜਾ, ਡਫਲੀ ਆਦਿ ਵਿਸ਼ੇਸ਼ ਮੌਕਿਆਂ ਤੇ ਵਜਾਏ ਜਾਂਦੇ ਹਨ।'ਗਾਇਕ ਵਾਦਕ ਤੇ ਨ੍ਰਿਤਕ ਆਦਿ ਨਾਲ ਭਾਵੇਂ ਤਬਲਾ ਵਾਦਕ ਸਹਾਇਕ ਭੂਮਿਕਾ ਨਿਭਾਉਂਦਾ ਹੈ ਪ੍ਰੰਤੂ ਤਬਲਾ ਵਾਦਕ ਦਾ ਮਹੱਤਵ ਮੁੱਖ ਕਲਾਕਾਰ ਤੋਂ ਘੱਟ ਨਹੀਂ ਹੁੰਦਾ ਸਗੋਂ ਮੇਰੇ ਦ੍ਰਿਸ਼ਟੀ ਕੋਣ ਤੋਂ ਵੱਧ ਹੀ ਹੁੰਦਾ ਹੈ ਕਿਉਂਕਿ ਤਬਲੇ ਦੀ ਸੰਗਤ ਤੋਂ ਬਿਨਾਂ ਗਾਇਨ ਵਾਦਨ ਤੇ ਨ੍ਰਿਤ ਉਸੇ ਪ੍ਰਕਾਰ ਫਿੱਕਾ ਤੇ ਰਸਹੀਨ ਨਜ਼ਰ ਆਉਂਦਾ ਹੈ ਜਿਸ ਪ੍ਰਕਾਰ ਬਾਕੀ ਮਸਾਲੇ ਪਾਏ ਹੋਣ ਪਰ ਨਮਕ ਤੋਂ ਬਿਨਾਂ ਸਬਜ਼ੀ ਫਿੱਕੀ ਅਰਥਾਤ ਸਵਾਦ ਰਹਿਤ ਹੁੰਦੀ ਹੈ।'

ਤਬਲਾ ਸਾਜ਼ ਕੇਵਲ ਸਾਥ-ਸੰਗਤ ਹੀ ਨਹੀਂ ਕਰਦਾ ਸਗੋਂ ਆਪਣੇ ਸੋਲੋ ਵਾਦਨ/ਏਕਲਵਾਦਨ ਕਰਕੇ ਵੀ ਅਤਿਅੰਤ ਮਹੱਤਵਪੂਰਨ ਹੈ।ਸੋਲੋ ਤਬਲਾ ਵਾਦਨ ਦੌਰਾਨ ਕਲਾਕਾਰ ਵੱਲੋਂ ਪੇਸ਼ ਕੀਤੀ ਜਾਣ ਵਾਲੀ ਤਾਲ ਦੀਆਂ ਮਾਤ੍ਰਾ ਦੇ ਅਨੁਕੂਲ ਹਾਰਮੋਨੀਅਮ ਜਾਂ ਸਾਰੰਗੀ ਰਾਹੀਂ ਤਾਲ ਨੂੰ ਆਧਾਰ ਪ੍ਰਦਾਨ ਕੀਤਾ ਜਾਂਦਾ ਹੈ।ਤਬਲਾ ਵਾਦਕ ਆਪਣੇ ਘਰਾਣੇ ਦੀ ਵਿਸ਼ੇਸ਼ ਪਹਿਚਾਣ ਪੇਸ਼ਕਾਰ ਰਾਹੀਂ ਕਰਾਉਂਦਿਆਂ ਵਿਸਤਾਰ ਕਰਦਾ ਹੈ। ਉਪਰੰਤ ਵਿਸ਼ੇਸ਼ ਕਾਇਦੇ ਪੇਸ਼ ਕਰਦਾ ਹੈ। ਕਾਇਦਿਆਂ ਤੋਂ ਉਪਰੰਤ ਮੁਖੜੇ, ਟੁਕੜੇ ਉਠਾਨਾ, ਪਰਣਾਂ, ਫਰਮਾਇਸ਼ੀ ਤੇ ਚਕਰਦਾਰ, ਗਤ ਤੇ ਛੰਦ ਆਦਿ ਰੇਲੇ ਦੌਰਾਨ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦਾ ਹੈ ਅੰਤ ਵਿੱਚ ਵਿਸ਼ੇਸ਼ ਪ੍ਰਕਾਰ ਦੀ ਤਿਹਾਈ ਆਦਿ ਰਾਹੀਂ ਵਾਦਨ ਦੀ ਸਮਾਪਤੀ ਕਰਦਾ ਹੈ ਪ੍ਰੰਤੂ ਸ਼ੁਰੂ ਤੋਂ ਅੰਤ ਤੱਕ ਤਬਲਾਵਾਦਕ ਦੁਆਰਾ ਤਾਲ ਵਿਸਥਾਰ ਸਹਾਇਕ ਸਾਜ ਹਾਰਮੋਨੀਅਮ ਜਾਂ ਸਾਰੰਗੀ ਤੇ ਵਜਣ ਵਾਲੇ ਨਗਮੇ ਦੇ ਅਧੀਨ ਹੁੰਦਾ ਹੈ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ। ਕਿ ਤਬਲਾ ਸੋਲੋ ਵਾਦਨ ਤੇ ਸੰਗਤ ਦੋਨੋ ਵਾਸਤੇ ਵਿਸ਼ੇਸ਼ ਸਥਾਨ ਰੱਖਦਾ ਹੈ।

ਹਰਭਜਨ ਸਿੰਘ ਧਾਰੀਵਾਲਾ
1447/10, ਸੈਕਟਰ 65,
ਐਸ. ਐਸ. ਏ. ਨਗਰ,
ਚੰਡੀਗੜ੍ਹ।

---

1. 'ਸੰਗੀਤ' ਮਈ 1967 ਪੰਨਾ 55
2. 'ਸੰਗੀਤ' ਮਈ 1979 ਪੰਨਾ 21
3. 'ਧਰਮਯੁਗ' ਸਪਤਾਹਿਕ' 16 ਸਿਤੰਬਰ 1979 ਪੰਨਾ62
4. 'ਸੰਗੀਤ ਕਲਾ ਵਿਹਾਰ' ਮਈ 1970 ਪੰਨਾ 219
5. ਭਗਵਤ ਸਰਮਾਂ, 'ਤਾਲ ਪ੍ਰਕਾਸ਼' ਪੰਨਾ 18
6. ਮਿਸਤ੍ਰੀ, ਅਬਾਨ ਏ-ਪਖਾਵਜ ਤੇ ਤਬਲੇ ਦੇ ਘਰਾਣੇ ਤੇ ਪਰੰਪਰਾਵਾਂ
7. Krishnaswami, Muscial Instrument of India Page 42.
8. Vir Ram Avtar, "Musical Instrument of India Page 42.
9. S-Vishundas, "SARGAM: AN Introduction to Indian Music Page 93.
10. ਡਾ. ਚਿਤਰਾ ਗੁਪਤਾ, ਸੰਗੀਤ ਵਿੱਚ ਤਾਲ ਸਾਜਾਂ ਦੀ ਉਪਯੋਗਿਤਾ ਪੰਨਾ 701

---

ਨਿੱਤਨੇਮ

PATH: DR. JAGIR SINGH JI

ਜਪੁਜੀ ਸਾਹਿਬ
ਜਾਪ ਸਾਹਿਬ
ਤ੍ਵ ਪ੍ਰਸਾਦਿ ਸਵੱਯੇ
ਚੌਪਈ
ਅਨੰਦੁ ਸਾਹਿਬ
ਅਰਦਾਸ

WORLD'S FIRST NITNEM CD

KFH ENTERPRISES (CANADA)
Produced by: Rashpal S. Kalsi
Suit# 172-151-10090-152 Street
Surrey, B.C. V3R 8X8 Fax: (604)584-9440
In U.K. 116-N. Hyde Rd, Hayes, Middlesex, U.K. UB3 4NQ
Tel/Fax: 0181-581-1914.

NORTH AMERICAN DISTRIBUTION BY:
*MUSIC WAVES PROD./RAVIB VIDEO*
Unit 101, 8334-128 Street, Surey. B.C. V3MT 62
Ph: (604) 599-1110-(604) 599-6063

# ਸਿੱਖ ਧਰਮ ਵਿੱਚ ਸੰਗਤ ਅਤੇ ਕੀਰਤਨ

ਡਾ. ਜਾਗੀਰ ਸਿੰਘ

ਸਿੱਖ ਧਰਮ ਵਿੱਚ ਸੰਗ ਤ ਅਤੇ ਕੀਰਤਨ ਦੋਵੇਂ ਇੱਕ ਦੂਜੇ ਦੇ ਪੂਰਕ ਹਨ। ਕੀਰਤਨ ਸੰਗਤ ਵਿੱਚ ਹੁੰਦਾ ਹੈ ਅਤੇ ਸੰਗਤ ਕੀਰਤਨ ਸੁਣਨ ਲਈ ਇਕੱਤਰ ਹੁੰਦੀ ਹੈ। ਸੰਗਤ ਲਈ ਗੁਰਬਾਣੀ ਵਿੱਚ, ਸਾਧ ਸੰਗ, ਸਤਿ ਸੰਗ, ਸਾਧ ਸੰਗਤ, ਸਤਿ ਸੰਗਤ ਆਦਿ ਸ਼ਬਦ ਪ੍ਰਯੋਗ ਕੀਤੇ ਗਏ ਹਨ। ਮਨੁੱਖੀ ਸਮਾਜ ਵਿੱਚ ਸੰਗਤ ਇਕ ਆਦਰਸ਼ ਸਮਾਜ ਦਾ ਸਰੂਪ ਹੁੰਦਾ ਹੈ। ਇਸ ਸੰਗਤ ਵਿੱਚ ਸਭ ਇੱਕੋ ਜਿਹੇ ਹੁੰਦੇ ਹਨ, ਕੋਈ ਊਚ ਜਾਂ ਨੀਚ ਨਹੀਂ ਹੁੰਦਾ। ਜਿਸ ਨੂੰ ਪ੍ਰੇਮ ਹੋਵੇ, ਉਹ ਸ੍ਰੀ ਗੁਰੂ-ਗ੍ਰੰਥ ਸਾਹਿਬ ਦੀ ਤਾਬਿਆ ਬੈਠ ਸਕਦਾ ਹੈ। ਜਿਹੜਾ ਸੰਗੀਤ ਜਾਣਦਾ ਹੈ- ਉਹ ਕੀਰਤਨ ਕਰ ਸਕਦਾ ਹੈ। ਅਜਿਹੀ ਸੰਗਤ ਵਿਚ ਆ ਕੇ ਹਰ ਕੋਈ ਮੁਕਤ ਹੋ ਸਕਦਾ ਹੈ :-

"ਮੇਰੇ ਮਾਧਉ ਜੀ, ਸਤ ਸੰਗਤਿ ਮਿਲੇ ਸੋ ਤਾਰਿਆ॥"

(ਗੂਜਰੀ ਮ: ੫, ਪੰਨਾ ੧੦)

ਸੰਗਤ ਦਾ ਪ੍ਰਭਾਵ ਮਾੜੇ ਨੂੰ ਚੰਗਾ ਕਰ ਦਿੰਦਾ ਹੈ-

"ਬ੍ਰਾਹਮਣ ਖਤ੍ਰੀ ਸੂਦ ਵੈਸ, ਚਾਰਿ ਵਰਣ, ਚਾਰਿ ਆਸ੍ਰਮ ਹਰਿ,
ਜੋ ਹਰਿ ਧਿਆਵੈ ਸੋ ਪਰਧਾਨੁ॥
ਜਿਉ ਚੰਦਨ ਨਿਕਟਿ ਵਸੈ ਹਿਰਡ ਬਪੁੜਾ,
ਤਿਉ ਸਤ ਸੰਗਤਿ ਮਿਲਿ ਪਤਿਤ ਪਰਵਾਣੁ॥"

(ਗੌਂਡ ਮਹਲਾ ੪, ਪੰਨਾ ੮੬੧)

ਉਹ ਥਾਂ ਪਵਿਤਰ ਹੈ ਜਿਥੇ ਸੰਗਤ ਇਕੱਤਰ ਹੁੰਦੀ ਹੈ:-

"ਥਾਨੁ ਸੁਹਾਵਾ ਪਵਿਤੁ ਹੈ, ਜਿਥੈ ਸੰਤ ਸਭਾ॥"

(ਸਿਰੀ ਰਾਗ ਮ:੫, ਪੰਨਾ ੪੪)

ਭਗਤ ਕਬੀਰ ਜੀ ਤਾਂ ਉਸ ਥਾਂ ਨੂੰ ਬੈਕੁੰਠ ਕਹਿੰਦੇ ਹਨ, ਜਿਥੇ ਸੰਤਸੰਗ ਹੁੰਦਾ ਹੈ :-

"ਕਹੁ ਕਬੀਰ ਇਹ ਕਹੀਐ ਕਾਹਿ॥ ਸਾਧ ਸੰਗਤਿ ਬੈਕੁੰਠੈ ਆਹਿ॥"

(ਗਾਉੜੀ ਕਬੀਰ ਜੀ, ਪੰਨਾ ੩੨੫)

ਗੁਰਬਾਣੀ ਵਿੱਚ ਤਾਂ ਇਥੋਂ ਤਕ ਕਿਹਾ ਗਿਆ ਹੈ ਕਿ ਸੰਗਤ ਵਿੱਚ ਪ੍ਰਮਾਤਮਾ ਆਪ ਵੱਸਦਾ ਹੈ:

"ਸਤ ਸੰਗਤਿ ਮਹਿ ਹਰਿ ਹਰਿ ਵਸਿਆ, ਮਿਲਿ ਸੰਗਤਿ ਹਰਿ ਗੁਨ ਜਾਨ॥"

ਤਥਾ-"ਮਿਲਿ ਸਤਸੰਗਤਿ ਖੋਜ ਦਵਾਈ, ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ॥"

(ਮਾਝ ਮਹਲਾ ੫, ਪੰਨਾ ੯੪)

ਭਾਈ ਗੁਰਦਾਸ ਜੀ ਮਨੁੱਖਾ ਜਨਮ ਨੂੰ ਸਫ਼ਲ ਹੀ ਇਸੇ ਲਈ ਗਿਣਦੇ ਹਨ ਕਿ ਇਹ ਸਾਧ ਸੰਗਤ ਵਿੱਚ ਜਾ ਕੇ ਗੁਰਸ਼ਬਦ ਦਾ ਵਿਚਾਰ ਕਰ ਸਕਦਾ ਹੈ :-

"ਮਾਣਸ ਜਨਮੁ ਦੁਲੰਭ ਹੈ, ਸਫਲ ਜਨਮੁ ਗੁਰ ਸਰਣਿ ਉਧਾਰੇ।

ਕੁਰਬਾਣੀ ਤਿਨ੍ਹਾਂ ਗੁਰਸਿਖਾਂ, ਗੁਰਬਾਣੀ ਨਿਤ ਗਾਇ ਸੁਣੰਦੇ।"

(ਪਉੜੀ ੨, ਵਾਰ ੧੨)

ਪੁਰਾਤਨ ਕਥਾਵਾਂ ਦਾ ਅਧਿਐਨ ਕਰਦਿਆਂ ਪਤਾ ਲੱਗਦਾ ਹੈ ਕਿ ਭਗਤ ਲੋਕ ਸਦਾ ਹੀ ਸੰਗਤ ਵਿੱਚ ਬੈਠਣ ਅਤੇ ਕੀਰਤਨ ਲਈ ਤਾਂਘਦੇ ਰਹਿੰਦੇ ਸਨ। ਰਾਜਾ ਹਰੀ ਚੰਦ ਅਤੇ ਉਸ ਦੀ ਰਾਣੀ ਤਾਰਾਮਨੀ ਦੀ ਕਥਾ ਨੂੰ ਭਾਈ ਗੁਰਦਾਸ ਜੀ ਨੇ ਕਲਮਬੰਦ ਕਰਦਿਆਂ ਲਿਖਿਆ ਹੈ :- "ਸੁਖ ਰਾਜੇ ਹਰੀ ਚੰਦ ਘਰ ਨਾਰੁ ਸੁ ਤਾਰਾ ਲੋਚਨ ਰਾਣੀ।

ਸਾਧ ਸੰਗਤ ਮਿਲ ਗਾਵਦੇ, ਰਾਤੀ ਜਾਇ ਸੁਣੇ ਗੁਰਬਾਣੀ।"

(ਪਉੜੀ ੬, ਵਾਰ ੧੦)

ਇਨ੍ਹਾਂ ਘਟਨਾਵਾਂ ਤੋਂ ਜਿਥੇ ਸੰਗਤ ਦੀ ਮਹੱਤਤਾ ਦਾ ਪਤਾ ਲੱਗਦਾ ਹੈ, ਉਥੇ ਇਹ ਵੀ ਪਤਾ ਲੱਗਦਾ ਹੈ ਕਿ ਸੰਗਤ ਵਿੱਚ ਕੀਰਤਨ ਨੂੰ ਵਿਸ਼ੇਸ਼ ਸਥਾਨ ਪਰਾਪਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਅਜਿਹੀਆਂ ਸੰਸਥਾਵਾਂ ਬਣਨ ਲੱਗ ਪਈਆਂ ਸਨ ਜਿਥੇ ਸੰਗਤ ਜੁੜਦੀ ਸੀ ਅਤੇ ਕੀਰਤਨ ਹੁੰਦਾ ਸੀ। ਭਾਈ ਗੁਰਦਾਸ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਭਾਵ ਬਾਰੇ ਦੱਸਦਿਆਂ ਲਿਖਦੇ ਹਨ:-

"ਘਰ ਘਰਿ ਅੰਦਰ ਧਰਮ ਸਾਲ, ਹੋਵੈ ਕੀਰਤਨ ਸਦਾ ਵਿਸੋਆ।"

(ਪਉੜੀ ੨੭, ਵਾਰ ੧,)

ਜਦੋਂ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਵਿੱਚ ਰਹਿੰਦੇ ਸਨ ਤਾਂ ਉਨ੍ਹਾਂ ਦੇ ਨਿਤ ਨੇਮ ਬਾਰੇ ਪੁਰਾਤਨ ਜਨਮ ਸਾਖੀ ਵਿੱਚ ਲਿਖਿਆ ਹੈ:-

"ਜੋ ਕਿਛ ਅਲੂਫਾ ਗੁਰੂ ਜੋਗ ਮਿਲੈ ਸੋ ਖਾਵੇ,
ਹੋਰ ਪਰਮੇਸ਼ਰ ਦੇ ਅਰਥ ਦੇਵੇ ਅਤੇ ਨਿਤਾਪ੍ਰਤੀ
ਰਾਤ ਕਉ ਕੀਰਤਨੁ ਹੋਵੇ ॥[1]

ਅਧਿਆਤਮਕ ਕਵਿਤਾ ਅਰਥਾਤ ਬਾਣੀ ਦੀ ਸਿਰਜਣ-ਪ੍ਰਕਿਰਿਆ ਦਾ ਅਧਿਐਨ ਕੀਤਾ ਜਾਵੇ ਤਾਂ ਪਤਾ ਲੱਗਦਾ ਹੈ ਕਿ ਇਸ ਦੀ ਸਿਰਜਣਾ ਸਮੇਂ ਸੰਗਤ ਅਤੇ ਸੰਗੀਤ ਦਾ ਹੋਣਾ ਜ਼ਰੂਰੀ ਹੈ। ਡਾਕਟਰ ਪੀਤਾਂਬਰ ਦੱਤ ਬਡਥਵਾਲ ਲਿਖਦੇ ਹਨ ਕਿ ਅਧਿਆਤਮਕ ਅਨੁਭਵ ਨੂੰ ਪ੍ਰਗਟ ਕਰਨ ਲਈ ਭਾਸ਼ਾ ਦਾ ਸਾਧਨ ਨਾਕਾਫ਼ੀ ਹੈ।[2] ਇਸ ਲਈ ਭਾਸ਼ਾ ਦੇ ਨਾਲ ਸੰਗੀਤ ਦਾ ਸੁਮੇਲ ਕੀਤਾ ਜਾਂਦਾ ਹੈ। ਸੰਗੀਤ ਭਾਸ਼ਾ ਨਾਲੋਂ ਵਧੇਰੇ ਕਾਰਗਰ ਸਾਬਤ ਹੁੰਦਾ ਹੈ। ਡਾ:ਸੀਮੈਨ ਦਾ ਕਹਿਣਾ ਹੈ ਕਿ ਅਸੀਂ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਇਕ ਲੰਮੇ ਲੇਖ ਦੀ ਥਾਂ ਕੇਵਲ ਇਕ ਹੀ ਸੁਰ ਵਿੱਚ ਭਲੀ ਭਾਂਤ ਕਰ ਸਕਦੇ ਹਾਂ।[3] ਇਸ ਲਈ ਗੁਰੂ ਸਾਹਿਬਾਨ ਅਤੇਗਤ ਕਵੀਆਂ ਨੇ ਬਾਣੀ ਦੇ ਨਾਲ ਸੰਗੀਤ ਨੂੰ

ਸੰਬੰਧਤ ਕੀਤਾ। ਅਧਿਆਤਮਕ ਅਨੁਭਵੀ ਆਪਣੇ ਅਨੁਭਵ ਨੂੰ ਕੇਵਲ ਆਪਣੇ ਤਕ ਸੀਮਤ ਨਹੀਂ ਰੱਖ ਸਕਦਾ। ਇਸ ਅਨੁਭਵ ਨਾਲ ਉਸ ਨੂੰ ਸਮਝ ਆ ਜਾਂਦੀ ਹੈ ਕਿ ਅਸਲ ਗੱਲ ਤਾਂ 'ਆਪ ਜਪੈ ਅਵਰਾ ਨਾਮ ਜਪਾਵੈ । ਇਸ ਲਈ ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਠੀਕ ਹੀ ਲਿਖਿਆ ਹੈ:-

"ਅਧਿਆਤਮਕ ਮੰਡਲਾਂ ਵਿੱਚ ਸਾਧਨਾ ਕਰਨ ਤੋਂ ਉਪ੍ਰੰਤ ਪ੍ਰਾਪਤ ਕੀਤੇ ਤਜਰਬਿਆਂ ਨੂੰ ਆਪਣੇ ਸੀਨ। ਦੀ ਚਾਰਦੀਵਾਰੀ ਵਿੱਚ ਰੋਕ ਰੱਖਣਾਂ ਇੱਕ ਸਾਧਕ ਲਈ ਬੜਾ ਔਖਾ ਹੈ। ਇਨ੍ਹਾਂ ਸੱਚੇ ਅਨੁਭਵਾਂ ਨੂੰ ਪ੍ਰਗਟ ਕਰਨ ਲਈ ਸਾਧਕ ਬਿਹਬਲ ਹੋ ਉਠਦਾ ਹੈ।"[1] ਪ੍ਰਗਟ ਕਰਨ ਦੀ ਇਸ ਮਜਬੂਰੀ ਕਰ ਕੇ ਵੀ ਗੁਰੂ ਸਾਹਿਬਾਨ ਇਸ ਬਾਣੀ ਬਾਰੇ ਲਿਖਦੇ ਹਨ :-

"ਹਉ ਆਪਹੁ ਬੋਲਿ ਨ ਜਾਣਦਾ,
ਮੈ ਕਹਿਆ ਸਭੁ ਹੁਕਮਾਉ ਜੀਉ।।"
(ਸੂਹੀ ਮਹਲਾ ੫,ਪੰਨਾ ੭੬੩)

ਤਥਾ- "ਜੈਸੀ ਮੈਂ ਆਵੈ ਖਸਮ ਕੀ ਬਾਣੀ,
ਤੈਸੜਾ ਕਰੀ ਗਿਆਨੁ ਵੇ ਲਾਲੋ।।"
(ਤਿਲੰਗ ਮਹਲਾ੧,ਪੰਨਾ੭੨੨)

ਹੁਣ ਸਵਾਲ ਹੈ ਕਿ ਇਹ ਅਨੁਭਵ ਕਿਸ ਅੱਗੇ ਪ੍ਰਗਟ ਕੀਤਾ ਜਾਵੇ? ਕੋਈ ਅਜਿਹਾ ਸਰੋਤਾ ਚਾਹੀਦਾ ਹੈ ਜਿਹੜਾ ਭਾਈ ਲਾਲੋ ਵਾਂਗ ਸੁਹਿਰਦ ਹੋਵੇ। ਪਰ ਅਜਿਹੇ ਸਰੋਤਿਆਂ ਦੀ ਬੜੀ ਘਾਟ ਹੈ। ਇਸ ਘਾਟ ਨੂੰ ਗੁਰਬਾਣੀ ਵਿੱਚ ਬੜੀ ਸ਼ਿੱਦਤ ਨਾਲ ਪੇਸ਼ ਕੀਤਾ ਗਿਆ ਹੈ:-

"ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ।।
ਕਉਣੁ ਜਾਣੈ ਪੀਰ ਪਰਾਈ।।"
(ਬਿਲਾਵਲ ਮਹਲਾ੧, ਪੰਨਾ ੭੯੫)

ਤਥਾ- "ਮਨੁ ਪਰਦੇਸੀ ਜੇ ਥੀਐ, ਸਭ ਦੇਸੁ ਪਰਾਇਆ।।
ਕਿਸ ਪਹਿ ਖੋਲਉਗੰਠੜੀ,ਦੂਖੀਭਰਿਆਇਆ।।
(ਰਾਗ ਸੂਹੀ ਛੰਤ ਮਹਲਾ ੧,ਪੰਨਾ੭੬੭)

ਜਾਂ- "ਖੰਭ ਵਿਕਾਂਦੜੇ ਜੇ ਲਹਾਂ, ਘਿੰਨਾ ਸਾਵੀ ਤੋਲਿ।।
ਤੰਨਿ ਜੜਾਂਈ ਆਪਣੈ,ਲਹਾਂ ਸੁ ਸਜਣ ਟੋਲਿ ।।
(ਸਲੋਕ ਮਹਲਾ ੫,ਪੰਨਾ੧੪੨੬)

ਜਾਂ- "ਗਲੀਂ ਸੁ ਸਜਣ ਵੀਹ,ਇਕ ਢੂੰਢੇਦੀ ਨ ਲਹਾਂ ।।
ਧੁਖਾਂ ਜਿਉਂ ਮਾਂਲੀਹ,ਕਾਰਣਿ ਤਿੰਨ੍ਹਾ ਮਾ ਪਿਰੀ।।
(ਸਲੋਕ ਸ਼ੇਖ ਫਰੀਦ ਜੀ,ਪੰਨਾ ੧੩੮੨)

ਅਜੇਹੇ ਹੋਰ ਵੀ ਕਈ ਹਵਾਲੇ ਮਿਲਦੇ ਹਨ ਜਿਨ੍ਹਾਂ ਤੋਂ ਸੁਹਿਰਦ ਸੱਜਣਾਂ ਦੀ ਘਾਟ ਦਾ ਪਤਾ ਲੱਗਦਾ ਹੈ। ਸੋ ਗੁਰਬਾਣੀ ਲਈ,ਸੱਚ ਦੇ ਅਨੁਭਵ ਦੀ ਗੱਲ ਸੁਣਨ ਵਾਸਤੇ ਖਾਸ ਸਰੋਤਿਆਂ ਦੀ ਜ਼ਰੂਰਤ ਹੁੰਦੀ ਹੈ। ਇਹ ਸਰੋਤੇ ਹੀ ਸੰਗਤ ਦਾ ਰੂਪ ਧਾਰ ਸਕਦੇ ਹਨ। ਅਜਿਹੇ ਸਰੋਤਿਆਂ ਨੂੰ ਇੱਕਠਾ ਕਰਨ ਲਈ ਸੰਗੀਤ ਬਹੁਤ ਮਦਦਗਾਰ ਸਾਬਤ ਹੁੰਦਾ ਹੈ।

ਸੰਗੀਤ ਇੱਕ ਅਜਿਹੀ ਕਲਾ ਹੈ ਜਿਸ ਤੋਂ ਹਰ ਜੀਵ ਪ੍ਰਭਾਵਿਤ ਹੁੰਦਾ ਹੈ। ਸੰਗੀਤ ਰਤਨਾਕਰ ਵਿੱਚ ਲਿਖਿਆ ਹੈ:-

"ਪਾਰਬਤੀ-ਪਤੀ ਅਤੇ ਦੇਵਤੇ ਸੰਗੀਤ ਨਾਲ ਪ੍ਰਸੰਨ ਹੁੰਦੇ ਹਨ। ਅਨੰਤ ਗੋਪੀ-ਪਤੀ ਵੀ ਬੰਸਰੀ ਦੀ ਧੁਨ ਦੇ ਵੱਸ ਹੋ ਗਏ। ਬ੍ਰਹਮਾ ਸਾਮ-ਗਾਨ ਕਰਦੇ ਹਨ। ਸੁਰਸਤੀ ਵੀਣਾ ਵਿੱਚ ਮਗਨ ਹੈ। ਯਕਸ਼, ਗੰਧਰਬ, ਦੇਵ-ਦਾਨਵ ਆਦਿ ਦੀ ਤਾਂ ਗੱਲ ਹੀ ਕੀ ਹੈ, ਵਿਸ਼ੇ ਵਿਕਾਰਾਂ ਤੋਂ ਕੋਰਾ ਪੰਘੂੜੇ ਵਿੱਚ ਪਿਆ ਰੋਂਦਾ ਬਾਲਕ ਵੀ ਗੀਤ ਦਾ ਅੰਮ੍ਰਿਤ ਪੀ ਕੇ ਬੜੀ ਖੁਸ਼ੀ ਪ੍ਰਾਪਤ ਕਰਦਾ ਹੈ। ਹੈਰਾਨੀ ਤਾਂ ਇਹ ਹੈ ਕਿ ਜੰਗਲ ਵਿੱਚ ਘੁੰਮਣ ਵਾਲਾ ਮਿਰਗ ਪਸ਼ੂ ਹੁੰਦਿਆਂ ਵੀ ਸ਼ਿਕਾਰੀ ਦੇ ਸੰਗੀਤ ਵਿੱਚ ਕੀਲੇ ਜਾਣ ਨਾਲ ਆਪਣੀ ਜਾਨ ਗੁਆ ਬਹਿੰਦਾ ਹੈ।

ਜਿਹੜੇ ਕਠੋਰ ਵਿਅਕਤੀ ਸੰਗੀਤ ਨਾਲ ਵੀ ਪ੍ਰਭਾਵਿਤ ਨਹੀਂ ਹੁੰਦੇ, ਸ਼ੈਕਸਪੀਅਰ ਉਨ੍ਹਾਂ ਨੂੰ ਖਤਰਨਾਕ ਦੱਸਦਿਆਂ ਕਹਿੰਦਾ ਹੈ ਕਿ ਇਹਨਾਂ ਤੇ ਕਦੇ ਇਤਬਾਰ ਨਹੀਂ ਕੀਤਾ ਜਾਣਾ ਚਾਹੀਦਾ। ਅਜਿਹੇ ਵਿਅਕਤੀ ਗੁਰਬਾਣੀ ਦੇ ਸਰੋਤੇ ਨਹੀਂ ਬਣ ਸਕਦੇ। ਸੰਗੀਤ ਦੱਸਦਾ ਹੈ ਕਿ ਕਿਹੜੇ ਵਿਅਕਤੀਆਂ ਵਿੱਚ ਮਨੁੱਖੀ ਹਮਦਰਦੀ ਦੀ ਕਣੀ ਹੈ। ਜਦੋਂ ਮਰਦਾਨੇ ਦੀ ਰਬਾਬ ਵੱਜਦੀ ਸੀ ਤਾਂ ਉਹ ਕਿਸੇ ਵਿਅਕਤੀ ਨੂੰ ਧੂਹ ਪਾਉਂਦੀ ਸੀ। ਉਹ ਵਿਅਕਤੀ ਸੰਗਤ ਦੇ ਰੂਪ ਵਿੱਚ ਆ ਬੈਠਦਾ ਸੀ। ਸੰਗੀਤ ਦੇ ਅਸਰ ਅਤੇ ਸੰਗਤ ਦੀ ਸਿਰਜਣਾ ਬਾਰੇ ਭਾਈ ਵੀਰ ਸਿੰਘ ਹੋਰਾਂ ਦਾ ਇਹ ਕਥਨ ਵੀ ਵਾਚਣ ਯੋਗ ਹੈ:-

"ਜਦੋਂ ਸੁਣਨ ਵਾਲਿਆਂ ਦੇ ਮਨ ਦਾ ਪੰਘਰੇ ਯਾ ਬਹੁਤ ਪਥਰਾਈ ਕਾਰਨ ਪੰਘਰਨੋ ਅੜ ਖਲੋਤੇ ਤਾਂ ਰੰਗ ਰੱਤੜੇ ਦਾਤਾ ਗੁਰੂ ਜੀ ਨੇ ਆਪਣੇ ਅੰਦਰ ਦੀਆਂ ਡੂੰਘਾਈਆਂ ਵਿੱਚ ਗੋਤਾ ਲਾਇਆ ਅਤੇ ਰਚਨਾਂ ਜਵਾਹਰਾਂ ਮੋਤੀਆਂ ਨਾਲ ਡੁਲ ਡੁਲ੍ਹ ਪੈਂਦੇ ਅਰਸ਼ੀ ਸੁੰਦਰਤਾ ਨਾਲ ਚਮਕਦੇ ਤੇ ਸੂਰਜ ਵਰਗੇ ਤੇਜ ਨਾਲ ਚਮਕਦੇ ਬਾਹਰ ਨਿਕਲੇ, ਤੇ, ਜ ਦਾ ਅਸਰ ਚੁਫੇਰੇ ਪਾਇਆ ਅਤੇ ਸੰਗੀਤ ਲਹਿਰਾਉਂਦੀ ਛੁਹ ਨਾਲ ਉਹ ਨਾਪੰਘਰੇ ਮਨ ਦ੍ਰਵ ਕੇ ਵਹਿ ਤੁਰੇ ਤੇ ਵਹਿ ਕੇ ਜਾ ਮਿਲੇ-

ਓਰਾ ਗਰਿ ਪਾਨੀ ਭਇਆ, ਜਾਇ ਮਿਲਿਓ ਢਲਿ ਕੂਲਿ।। (ਸਲੋਕ ਭਗਤ ਕਬੀਰ ਜੀ, ਪੰਨਾ ੧੩੭੮)

ਇਸ ਤਰ੍ਹਾਂ ਸੰਗੀਤ ਸਰੋਤੇ ਨੂੰ ਸਮੂਹ ਦਾ ਇੱਕ ਅੰਗ ਬਣਾ ਦਿੰਦਾ ਹੈ, ਜਿਸ ਵਿੱਚ ਗਾਉਣ ਵਾਲਾ, ਸੁਣਨ ਵਾਲਾ, ਗੀਤ, ਸੰਗੀਤ, ਵਿਚਾਰ ਤੇ ਭਾਵ ਆਦਿ ਇੱਕ ਮਿਕ ਹੋ ਜਾਂਦੇ ਹਨ।

ਸਿੱਖ ਗੁਰੂ ਸਾਹਿਬਾਨ ਨੇ ਸੰਗਤ ਅਤੇ ਸੰਗੀਤ ਨੂੰ ਕੇਵਲ ਬਾਣੀ ਵਿੱਚ ਹੀ ਨਹੀਂ ਪ੍ਰਚਾਰਿਆ ਸਗੋਂ ਸੰਸਥਾਤਮਕ ਪੱਧਰ ਉਤੇ ਵੀ ਇਸ ਲਈ ਉਚੇਚੇ ਯਤਨ ਕੀਤੇ। ਸ੍ਰੀ ਗੁਰੂ ਨਾਨਕ ਦੇਵ ਜੀ ਜਿਥੇ ਵੀ ਗਏ, ਉਥੇ ਧਰਮਸ਼ਾਲਾ ਕਾਇਮ ਕਰਨ ਦਾ

ਉਪਦੇਸ਼ ਦਿੱਤਾ ਅਤੇ ਇਹਨਾਂ ਸਥਾਨਾਂ ਤੇ ਰੋਜ਼ਾਨਾ ਕੀਰਤਨ ਹੁੰਦਾ ਸੀ। ਉਹਨਾਂ ਨੇ ਜਦੋਂ ਕਰਤਾਰ ਪੁਰ ਵਿਖੇ ਨਿਵਾਸ ਕੀਤਾ ਤਾਂ ਉਥੇ ਰੋਜ਼ ਸੰਗਤ ਨੂੰ ਨਿਤਨੇਮ ਲਈ ਪ੍ਰੇਰਿਆ। ਇਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ:-

"ਸੋਦਰ ਆਰਤੀ ਗਾਈਏ, ਅੰਮ੍ਰਿਤ ਵੇਲੇ ਜਪੁ ਉਚਾਰਾ।"

(ਪਉੜੀ ੩੮, ਵਾਰ ੧)

ਇਸ ਪਾਉੜੀ ਦਾ ਟੀਕਾ ਕਰਦਿਆਂ ਭਾਈ ਮਨੀ ਸਿੰਘ ਜੀ ਲਿਖਦੇ ਹਨ:-

"ਕਰਤਾਰ ਪੁਰ ਵਿੱਚ ਅੰਮ੍ਰਿਤ ਵੇਲੇ ਸਵਾ ਪਹਿਰ ਦਿਨ ਚੜ੍ਹਦਿਆਂ ਤੀਕਰ ਬਾਣੀ ਦੀ ਚਰਚਾ ਹੋਵੇ, ਫੇਰ ਆਰਤੀ ਪੜ੍ਹੀਏ। ਤੀਸਰੇ ਪਹਿਰ ਕੀਰਤਨ ਕਰੀਏ। ਸੰਧਿਆ ਰਹਿਰਾਸ ਪੜ੍ਹੀਏ, ਫੇਰ ਕੀਰਤਨ ਗਾਵੀਏ, ਪਹਿਰ ਰਾਤ ਗਈ ਸੋਹਲਾ ਪੜ੍ਹੀਏ ਅਰ ਪਿਛਲੀ ਰਾਤ ਜਪ ਪੜ੍ਹੀਏ ਅਰ ਆਸਾ ਦੀ ਵਾਰ ਪੜ੍ਹੀਏ।"

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿੱਚ ਜੁੜੀ ਸੰਗਤ ਨਾਲ ਕੀਰਤਨੀਆਂ, ਕੀਰਤਨ ਅਤੇ ਕਥਾ ਆਦਿ ਬਾਰੇ ਵਿਚਾਰ ਹੁੰਦੀ ਸੀ। ਸਿੱਖਾਂ ਦੀ ਭਗਤਮਾਲਾ ਵਿੱਚ ਮਾਲੋ ਅਤੇ ਸੀਹਾਂ ਦੋ ਸਿੱਖਾਂ ਦੀ ਸਾਖੀ ਵਿੱਚ ਕੀਰਤਨ ਨੂੰ ਸਰਬੋਤਮ ਦੱਸਿਆ ਹੈ। ਸਰੋਤਿਆਂ ਬਾਰੇ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਸਾਖੀ ਵਿੱਚ ਲਿਖਿਆ ਹੈ:-

"ਕਾਗ ਭਸੁੰਡ ਬਾਬੇ ਅਗੇ ਮੱਥਾ ਟੇਕਿਆ। ਬਾਬੇ ਕਹਿਆ ਪੰਜ ਪ੍ਰਕਾਰ ਦੇ ਸ੍ਰੋਤੇ ਕੀਰਤਨ ਕੇ ਹੋਤੇ ਹੈਂ- ਇੱਕ ਰਾਗ ਰਾਗਨੀਆਂ ਸਮਝਦੇ ਹੈਨ। ਇਕ ਸੁਰ ਨੂੰ ਸਮਝਦੇ ਹੈਨ। ਇੱਕ ਸਾਜ਼ ਨੂੰ ਸਮਝਦੇ ਹੈਨ। ਇੱਕ ਸ਼ਬਦ ਦੇ ਤਾਤਪਰਜ ਨੂੰ ਸਮਝਦੇ ਹੈਨ। ਤੁਮ ਵੱਡੇ ਸਰੋਤੇ ਹੋ ਜੋ ਸ਼ਬਦ ਦੇ ਤਾਤਪਰਜ ਨੂੰ ਸਮਝੇ ਹੋ। ਕਾਗ ਭਸੁੰਡ ਕਹਿਆ ਉਤਮ ਹੈਂ ਜੋ ਮਹਾਰਾਜ ਦੇ ਕੀਰਤਨ ਕੇ ਤਾਤਪਰਜ ਨੂੰ ਸਮਝਦੇ ਹੈਂ, ਸੋ ਰਸ ਪਾਵਤੇ ਹੈਂ। ਜੋ ਰਾਗਾਂ ਨੂੰ ਤਾਰਾਂ ਸਮਝਦੇ ਹੈਂ ਸੋ ਛਿੱਲ ਖਾਤੇ ਹੈਂ।"

ਇਸ ਤਰ੍ਹਾਂ ਇਹ ਸਾਖੀ ਜਿਥੇ ਸਰੋਤੇ ਦਾ ਸਥਾਨ ਨਿਸ਼ਚਿਤ ਕਰਦੀ ਹੈ ਉਥੇ ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਗੁਰੂ ਸਾਹਿਬਾਨ ਨੇ ਸੰਗੀਤ ਨੂੰ ਬਾਣੀ ਦੇ ਅਧੀਨ ਰੱਖਿਆ ਹੈ। ਪਰ ਇਸ ਦਾ ਅਰਥ ਇਹ ਵੀ ਨਹੀਂ ਕਿ ਸਰੋਤੇ ਨੂੰ ਸੰਗੀਤ ਦੀ ਸੂਝ ਹੀ ਨਾ ਹੋਵੇ। ਗੁਰੂ ਨਾਨਕ ਦੇਵ ਜੀ ਗੁਰਬਾਣੀ ਦਾ ਅਨੰਦ ਪ੍ਰਾਪਤ ਕਰਨ ਲਈ ਸਰੋਤੇ ਵਿੱਚ ਹੇਠ ਲਿਖੇ ਗੁਣਾਂ ਦਾ ਹੋਣਾ ਜ਼ਰੂਰੀ ਦੱਸਦੇ ਹਨ :-

"ਇਕਨਾ ਨਾਦ ਨੇ ਬੇਦ ਨ ਗੀਅ ਰਸੁ, ਰਸ ਕਸ ਨਾ ਜਾਣੰਤਿ॥
ਇਕਨਾ ਸੁਧਿ ਨ ਬੁਧਿ ਨ ਅਕਲਿ ਸਰ, ਅਖਰ ਕਾ ਭੇਉ ਨ ਲਹੰਤਿ॥
ਨਾਨਕ ਸੇ ਨਰ ਅਸਲਿ ਖਰ, ਜਿ ਬਿਨੁ ਗੁਣ ਗਰਬੁ ਕਰੰਤਿ॥"

(ਵਾਰ ਸਾਰੰਗ ਮਹਲਾ ੧, ਪੰਨਾ ੧੨੮੬)

ਸ੍ਰੀ ਗੁਰ ਅਮਰਦਾਸ ਜੀ ਨੇ ਆਪਣੇ ਜੋਤੀ ਜੋਤਿ ਸਮਾਉਣ ਵੇਲੇ ਜੁੜੀ ਹੋਈ ਸੰਗਤ ਨੂੰ ਨਿਰਬਾਣ ਕੀਰਤਨ ਕਰਨ ਦਾ ਉਪਦੇਸ਼ ਦਿੱਤਾ। ਇਸ ਸੰਬੰਧੀ ਬਾਬਾ ਸੁੰਦਰ ਜੀ 'ਰਾਮਕਲੀ ਸਦੁ' ਵਿੱਚ ਲਿਖਦੇ ਹਨ-

ਅੰਤੇ ਸਤਿਗੁਰੁ ਬੋਲਿਆ, ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥

(ਪੰਨਾ 923)

ਸੰਗਤ ਵਿੱਚ ਕੀਰਤਨ ਦੀ ਪ੍ਰਥਾ ਨੂੰ ਸਦਾ ਲਈ ਜਾਰੀ ਰੱਖਣ ਲਈ ਗੁਰੂ ਨਾਨਕ ਦੇਵ ਜੀ ਨੇ ਆਪ ਹੀ ਪ੍ਰਬੰਧ ਕਰ ਦਿੱਤਾ ਸੀ। ਆਪ ਜੀ ਨੇ ਜਦੋਂ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦਿੱਤੀ ਤਾਂ ਬਾਣੀ ਦੀਆਂ ਪੋਥੀਆਂ ਦੇਣ ਦੇ ਨਾਲ ਨਾਲ ਬਾਣੀ ਦਾ ਗਾਇਣ ਕਰਨ ਲਈ ਬਲਵੰਡ ਰਬਾਬੀ ਵੀ ਖਡੂਰ ਸਾਹਿਬ ਭੇਜਿਆ ਤੇ ਕਿਹਾ :-

ਬਲਵੰਡ ਰਬਾਬੀ ਤੁਮ ਸੰਗ ਜਾਵੇ। ਸਮੇ ਸਮੇ ਹਰਿ ਕੀਰਤਨ ਗਾਵੇ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਦ ਭਾਵੇਂ ਸਥਾਪਤ ਕੀਤੀਆਂ ਧਰਮਸਾਲਾਂ ਅਤੇ ਸੰਗਤਾਂ ਵਿੱਚ ਕੀਰਤਨ ਹੁੰਦਾ ਸੀ, ਪ੍ਰੰਤੂ ਮੁੱਖ ਸਥਾਨ ਉਹ ਹੀ ਹੁੰਦਾ ਸੀ ਜਿਥੇ ਗੁਰੂ ਸਾਹਿਬਾਨ ਦਾ ਨਿਵਾਸ ਸੀ। ਗੁਰੂ ਅੰਗਦ ਦੇਵ ਜੀ ਕਰਤਾਰ ਪੁਰ ਤੋਂ ਖਡੂਰ ਸਾਹਿਬ ਆ ਗਏ ਪਰ ਸੰਗਤ ਦੀ ਮਰਯਾਦਾ ਉਹ ਹੀ ਕਾਇਮ ਰੱਖੀ ਜਿਹੜੀ ਗੁਰੂ ਨਾਨਕ ਦੇਵ ਨੇ ਚਲਾਈ ਸੀ। ਇੱਥੇ ਸਵੇਰੇ-ਸ਼ਾਮ ਬਲਵੰਡ ਰਬਾਬੀ ਅਤੇ ਸੱਤਾ ਕੀਰਤਨ ਕਰਦੇ। ਭਾਈ ਵੀਰ ਸਿੰਘ ਜੀ ਅਨੁਸਾਰ-

"ਐਉਂ ਸੱਤੇ ਬਲਵੰਡ ਦੀ ਚੌਕੀ ਖਡੂਰ ਵਿਖੇ ਗੁਰੂ ਜੀ (ਅੰਗਦ ਦੇਵ ਜੀ) ਦੇ ਹਜ਼ੂਰ ਆਰੰਭ ਹੋਈ, ਜਿਨ੍ਹਾਂ ਦੀ ਅਉਲਾਦ ਹੁਣ ਤਾਈਂ ਖਡੂਰੀਏ ਰਬਾਬੀ ਕਹਾਉਂਦੀ ਹੈ।"

ਸ੍ਰੀ ਗੁਰੂ ਅਮਰਦਾਸ ਜੀ ਵੀ ਗੋਇੰਦਵਾਲ ਵਿਖੇ ਸੰਗਤ ਨੂੰ ਕਾਇਮ ਰੱਖਣ ਲਈ ਜਿਹੜਾ ਨਿਤਨੇਮ ਕਰਦੇ ਸਨ, ਉਸ ਬਾਰੇ ਗਿ. ਗਿਆਨ ਸਿੰਘ ਨੇ ਇੰਜ ਲਿਖਿਆ ਹੈ :

"ਗੁਰੂ ਅਮਰਦਾਸ ਜੀ ਨਿੱਤ ਅੰਮ੍ਰਿਤ ਵੇਲੇ ਡੇਢ ਪਹਿਰ ਦੇ ਤੜਕੇ ਜਾਗਦੇ। ਸਾਧ ਸੰਗਤ ਨੂੰ ਭੀ ਉਸੇ ਵੇਲੇ ਜਾਗ ਕਰਕੇ ਇਸ਼ਨਾਨ ਤੇ ਨਾਮ ਜਪਣ ਦਾ ਹੁਕਮ ਦੇ ਰੱਖਿਆ ਸੀ,............ ਪਹੁ ਫੁੱਟੀ ਤੋਂ ਸਫ਼ੈਦ ਪੁਸ਼ਾਕਾ ਪਹਿਨ ਕੇ ਸਿੰਘਾਸਨ ਉਤੇ ਆ ਬੈਠਦੇ, ਭਾਈ ਸਾਦੂ, ਬਾਦੂ ਕੀਰਤਨ ਕਰਦੇ ਤੇ ਗੁਰੂ ਜੀ ਸਿੱਖਾਂ ਨੂੰ ਉਪਦੇਸ਼ ਦੇ ਕੇ ਨਿਹਾਲ ਕਰਦੇ।"

ਸ੍ਰੀ ਗੁਰੂ ਅਮਰਦਾਸ ਜੀ ਸਿੱਖਾਂ ਨੂੰ ਸੰਗਤ ਵਿੱਚ ਆ ਕੇ ਗੁਰਬਾਣੀ ਗਾਉਣ ਦਾ ਆਦੇਸ਼ ਆਪਣੀ ਬਾਣੀ ਵਿੱਚ ਵੀ ਦਿੰਦੇ ਹਨ:-

"ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ, ਗਾਵਹੁ ਸਚੀ ਬਾਣੀ॥
ਬਾਣੀ ਤ ਗਾਵਹੁ ਗੁਰੂ ਕੇਰੀ, ਬਾਣੀਆਂ ਸਿਰ ਬਾਣੀ॥"
(ਰਾਮਕਲੀ ਮਹਲਾ ੩, ਪੰਨਾ ੯੨੦)

ਸ੍ਰੀ ਗੁਰੂ ਰਾਮਦਾਸ ਜੀ ਦੇ ਅੰਮ੍ਰਿਤਸਰ ਵਿਖੇ ਰਹਿੰਦਿਆਂ ਹੋਇਆਂ ਸੰਗਤ ਦੀ ਜਿਹੜੀ ਮਰਯਾਦਾ ਸੀ, ਉਸ ਬਾਰੇ ਵੀ ਲਿਖਿਆ ਗਿਆ ਹੈ:-

"ਇਹ ਗੁਰੂ ਸਾਹਿਬ ਭੀ ਪਿਛਲੇ ਗੁਰੂ ਸਾਹਿਬਾਨ ਵਾਂਗ ਨਿੱਤ ਸਵਾ ਪਹਿਰ ਦੇ ਤੜਕੇ ਸ਼ੌਚ ਇਸ਼ਨਾਨ ਕਰ ਆਤਮਾ ਪ੍ਰਾਮਤਮਾ ਦੇ ਸਰੂਪ ਵਿੱਚ ਮਨ ਨੂੰ ਜੋੜ ਕੇ ਤਾੜੀ ਲਾ ਬੈਠਦੇ। ਪਹੁ ਫੁੱਟੀ ਤੋਂ ਸਭਾ (ਸੰਗਤ) ਵਿੱਚ ਆ ਕਰ ਆਸਾ ਦੀ ਵਾਰ ਦਾ ਕੀਰਤਨ ਸੁਣਦੇ ਜੋ ਸੱਤਾ ਬਲਵੰਡ ਕਰਿਆ ਕਰਦੇ"।

ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਤਾਂ ਸੰਗਤ ਅਤੇ ਕੀਰਤਨ ਦੀ ਮਹੱਤਤਾ ਸਿਖਰਾਂ ਤੇ ਪੁੱਜ ਗਈ। ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਸੰਪਾਦਤ ਕਰਕੇ ਇਸ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿੱਚ ਕਰ ਦਿੱਤਾ। ਹੁਣ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਜੁੜਨ ਲੱਗ ਪਈ। ਭਾਈ ਸੱਤਾ ਅਤੇ ਬਲਵੰਡ ਕੀਰਤਨ ਕਰਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਗੀਤ ਨੂੰ ਘਰਾਣਿਆਂ ਦੀ ਚਾਰ ਦੀਵਾਰੀ ਵਿੱਚੋਂ ਕੱਢ ਕੇ ਆਪ ਸਿੱਖਾਂ ਨੂੰ ਕੀਰਤਨ ਕਰਨ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਦੇ ਹੇਠ ਲਿਖੇ ਵਾਕ ਸੰਗਤ ਅਤੇ ਕੀਰਤਨ ਦੀ ਮਹਾਨਤਾ ਨੂੰ ਦਰਸਾਉਂਦੇ ਹਨ :-

"ਗੁਰਦੁਆਰੇ ਹਰਿ ਕੀਰਤਨ ਸੁਣੀਐ॥
ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ॥"
(ਮਾਰੂ ਮਹਲਾ ੫, ਪੰਨਾ ੧੦੧੮)

ਸੰਗਤ ਵਿੱਚ ਕੀਤੇ ਕੀਰਤਨ ਦੀ ਮਹਿਮਾ ਕਮਾਲ ਹੈ। ਕਹਿੰਦੇ ਹਨ ਇਸ ਸੁੰਦਰ ਕੀਤਰਨ ਪ੍ਰਭਾਵ ਤੋਂ ਤਾਨ ਸੈਨ ਵਰਗਾ ਮਹਾਨ ਗਾਇਕ ਵੀ ਅਭਿੱਜ ਨਹੀਂ ਸੀ ਰਹਿ ਸਕਿਆ।

ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਸਮੇਂ ਤੀਜੇ ਗੁਰੂ ਜੀ ਦੇ ਹੁਕਮ ਨੂੰ ਮੰਨਦਿਆਂ ਕੀਰਤਨ ਦਾ ਸਮਾਗਮ ਰਚਿਆ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ:

"ਕਰਹਿ ਰਬਾਬੀ ਕੀਰਤਨ ਆ ਕੇ।
ਕਰਿ ਸਿਖ ਗਾਇ ਜਿ ਰਾਗੀ ਬਨੇ।"

ਸ੍ਰੀ ਗੁਰੂ ਹਰਿ ਰਾਇ ਜੀ ਨੇ ਨਿਤਨੇਮ ਵਿੱਚ ਵੀ ਕੀਰਤਨ ਅਤੇ ਸੰਗਤ ਦਾ ਸਮਾਗਮ ਹੁੰਦਾ ਸੀ :-

"ਜਿਥੇ ਗੁਰੂ ਜੀ ਜਾਣ, ਦੋ ਵੇਲੇ ਦੀਵਾਨ ਲੱਗੇ, ਭਾਈ ਜੱਸ, ਦਰਿਆ, ਚਤਰਾ, ਨੱਥੂ ਆਦਿਕ ਰਬਾਬੀ ਇੱਕ ਵੇਲੇ ਚੌਕੀ ਕਰਨ, ਦੂਜੇ ਵੇਲੇ ਭਾਈ ਸੇਵਾ, ਰੱਤਾ, ਪੰਜਾਬ ਆਦਿਕ ਕੀਰਤਨ ਕਰਨ। ਕਥਾ-ਕੀਰਤਨ ਸਤਸੰਗ ਦਾ ਪ੍ਰਵਾਹ ਚੱਲਿਆ ਰਹੇ।"

ਸ੍ਰੀ ਗੁਰੂ ਤੇਗ ਬਹਾਦਰ ਜੀ ਤਾਂ ਸੰਗਤ ਵਿੱਚ ਕੀਰਤਨ ਕਰਨ ਵਾਲੇ ਕੀਰਤਨੀਆਂ ਦਾ ਸਨਮਾਨ ਵੀ ਕਰਦੇ ਸਨ। ਜੌਨ ਪੁਰ ਦੇ ਇੱਕ ਮਸੰਦ ਗੁਰਬਖਸ਼ ਦੇ ਕੀਰਤਨ ਤੋਂ ਪ੍ਰਸੰਨ ਹੋ ਕੇ ਉਸਨੂੰ ਆਪਣਾ ਨਿੱਜੀ ਮਿਰਦੰਗ ਇਨਾਮ ਵਜੋਂ ਦੇ ਦਿੱਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤ ਅਤੇ ਕੀਰਤਨ ਨੂੰ ਸਿੱਖ ਰਹੁ ਰੀਤੀ ਦਾ ਲਾਜ਼ਮੀ ਅੰਗ ਬਣਾ ਦਿੱਤਾ ਸੀ। ਪ੍ਰਸ਼ਨ ਉਤਰ ਭਾਈ ਨੰਦ ਲਾਲ ਕਾ ਵਿੱਚ ਲਿਖਿਆ ਹੈ।

"ਗੁਰ ਸਿਖ ਰਹਿਤ ਸੁਨਹੁ ਹੇ ਮੀਤ।
ਪਰਭਾਤੇ ਉਠ ਕਰ ਹਿਤ ਚੀਤ।
ਵਾਹਿਗੁਰੂ ਗੁਰ ਮੰਤ੍ਰ ਸੁ ਜਾਪ।
ਕਰ ਇਸਨਾਨ ਪੜੇ ਜਪੁ ਜਾਪ।
ਸੰਧਯਾ ਸਮੇ ਸੁਨੈ ਰਹਿਰਾਸ।
ਕੀਰਤਨ ਕਥਾ ਸੁਨੇ ਹਰਿ ਯਾਸ।

'ਤਨਖਾਹ ਨਾਮਾ ਭਾਈ ਨੰਦ ਲਾਲ ਜੀ' ਵਿੱਚ ਲਿਖਿਆ ਹੈ:

ਗੁਰੂ ਸਾਹਿਬਾਨ ਕੇਵਲ ਸਤਸੰਗ ਜਾਣ ਨੂੰ ਹੀ ਕਾਫੀ ਨਹੀਂ ਸਮਝਦੇ, ਸਗੋਂ ਉਥੇ ਜਾ ਕੇ ਪ੍ਰੇਮ ਨਾਲ ਕੀਰਤਨ ਸੁਣਨ ਦਾ ਹੁਕਮ ਦਿੰਦੇ ਹਨ। ਜਿਹੜੇ ਸੰਗਤ ਵਿਚ ਜਾ ਕੇ ਗੱਲਾਂ ਕਰਦੇ ਹਨ। ਉਹ ਸਜ਼ਾ ਦੇ ਭਾਗੀ ਹਨ :

"ਸਤਸੰਗ ਜਾਇ ਕਰ ਚਿਤ ਡੁਲਾਵੇ।
ਹਰਿ ਯਸ ਸੁਨਤੇ ਬਾਤ ਚਲਾਵੇ।
ਸੋ ਤਨਖਾਹੀ ਮੂਲ ਕਹਾਵੈ।"

ਅਜੋਕੇ ਸਮੇਂ ਵਿੱਚ ਸਿੱਖ ਪੰਥ ਵਲੋਂ ਜਿਹੜੀ ਰਹਿਤ ਮਰਯਾਦਾ ਤਿਆਰ ਕੀਤੀ ਗਈ ਹੈ, ਉਸ ਵਿੱਚ ਸੰਗਤ ਅਤੇ ਕੀਰਤਨ ਨੂੰ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ। ਇਸ 'ਸਿੱਖ ਰਹਿਤ ਮਰਯਦਾ' ਵਿੱਚ ਗੁਰਬਾਣੀ ਅਭਿਆਸ ਤੇ ਜ਼ੋਰ ਦਿੰਦਿਆਂ ਲਿਖਿਆ ਹੈ:

"ਗੁਰਬਾਣੀ ਦਾ ਅਸਰ ਸਾਧਸੰਗਤ ਵਿੱਚ ਬੈਠਿਆਂ ਵਧੇਰੇ ਹੁੰਦਾ ਹੈ। ਇਸ ਲਈ ਸਿੱਖ ਲਈ ਉਚਿਤ ਹੈ ਕਿ ਸਿੱਖ ਸੰਗਤਾਂ ਦੇ ਜੋੜ ਮੇਲ ਦੇ ਅਸਥਾਂਨਾਂ-ਗੁਰਦੁਆਰਿਆਂ ਦੇ ਦਰਸ਼ਨ ਕਰੇ ਤੇ ਸਾਧ ਸੰਗਤ ਵਿੱਚ ਬੈਠ ਕੇ ਗੁਰਬਾਣੀ ਤੋਂ ਲਾਭ ਉਠਾਵੇ।".......

ਕੀਰਤਨ ਕੌਣ ਕਰ ਸਕਦਾ ਹੈ, ਅਤੇ ਕਿਸ ਬਾਣੀ ਦਾ ਕੀਤਾ ਜਾ ਸਕਦਾ ਹੈ, ਸਬੰਧੀ ਵਰਨਣ ਹੈ:

"ਸੰਗਤ ਵਿੱਚ ਕੀਰਤਨ ਕੇਵਲ ਸਿੱਖ ਹੀ ਕਰ ਸਕਦਾ ਹੈ। ਸੰਗਤ ਵਿੱਚ ਕੀਰਤਨ ਕੇਵਲ ਗੁਰਬਾਣੀ ਜਾਂ ਇਸ ਦੀ ਵਿਆਖਿਆ- ਸਰੂਪ ਰਚਨਾ ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀ ਬਾਣੀ ਦਾ ਹੋ ਸਕਦਾ ਹੈ।

ਕੀਰਤਨ ਦੀ ਅਹਿਮੀਅਤ ਇਸ ਕਥਨ ਤੋਂ ਵੀ ਸਪਸ਼ਟ ਹੁੰਦੀ ਹੈ-

"ਸੰਗਤ ਵਿੱਚ ਇਕ ਵਕਤ ਇਕੋ ਗੱਲ ਹੋਣੀ ਚਾਹੀਏ- ਕੀਰਤਨ ਜਾਂ ਕਥਾ, ਵਖਿਆਨ ਜਾਂ ਪਾਠ।"

ਸਿੱਖ ਸੰਸਕਾਰਾਂ ਸਮੇਂ ਵੀ ਸੰਗਤ ਵਿੱਚ ਕੀਰਤਨ ਦਾ ਨਿਯਮ ਬਣਾਇਆ ਗਿਆ ਹੈ।

"ਸਿੱਖ ਦੇ ਘਰ ਬਾਲਕ ਦਾ ਜਨਮ ਹੋਣ ਮਗਰੋਂ ਜਦ ਮਾਤਾ ਉਠਣ ਬੈਠਣ ਤੇ ਇਸ਼ਨਾਨ ਕਰਨ ਦੇ ਯੋਗ ਹੋਵੇ ਤਾਂ (ਦਿਨਾਂ ਦੀ ਗਿਣਤੀ ਕੋਈ ਮੁਕੱਰਰ ਨਹੀਂ), ਟੱਬਰ ਅਤੇ ਸਬੰਧੀ ਗੁਰਦੁਆਰੇ ਕੜਾਹ ਪ੍ਰਸ਼ਾਦ ਲੈ ਕੇ ਜਾਣ ਜਾਂ ਕਰਾਉਣ ਅਤੇ ਗੁਰੂ ਜੀ ਦੇ ਹਜ਼ੂਰ 'ਪਰਮੇਸਰ ਦਿਤਾ ਬੰਨਾ '(ਸੋਰਠਿ ਮ: ੫), 'ਸਤਿਗੁਰ ਸਾਚੈ ਦੀਆ ਭੇਜਿ' (ਆਸਾ ਮ: ੫) ਆਦਿ ਖੁਸ਼ੀ ਤੇ ਧੰਨਵਾਦ ਵਾਲੇ ਸ਼ਬਦ ਪੜ੍ਹਨ।"

ਵਿਆਹ ਬਾਰੇ 'ਸਿੱਖ ਰਹਿਤ ਮਰਯਾਦਾ' ਵਿੱਚ ਲਿਖਿਆ ਹੈ:-

"ਇਕ ਲਾਵ ਦਾ ਪਾਠ ਹੋਣ ਮਗਰੋਂ ਅੱਗੇ ਵਰ ਤੇ ਪਿੱਛੇ ਕੰਨਿਆਂ ਵਰ ਦਾ ਪੱਲਾ ਫੜ੍ਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪ੍ਰਕਰਮਾਂ ਕਰਨ। ਪ੍ਰਕਰਮਾਂ ਕਰਨ ਸਮੇਂ ਰਾਗੀ ਜਾਂ ਸੰਗਤ ਲਾਵਾਂ ਨੂੰ ਕਰਮ ਅਨੁਸਾਰ ਸੁਰ ਨਾਲ ਗਾਈ ਜਾਣ।"

ਮਿਰਤਕ ਸੰਸਕਾਰ ਸਬੰਧੀ ਆਦੇਸ਼ ਹਨ-

"ਫਿਰ ਸੰਗਤ (ਚਿਤਾ ਤੋਂ) ਕੁਝ ਵਿੱਥ ਤੇ ਬੈਠ ਕੇ ਕੀਰਤਨ ਕਰੇ ਜਾਂ ਵੈਰਾਗ ਮਈ ਸ਼ਬਦ ਪੜ੍ਹੇ।"

ਇਸ ਤਰ੍ਹਾਂ ਹੁਣ ਵੀ ਸਿੱਖ-ਧਰਮ ਵਿੱਚ ਸੰਗਤ ਅਤੇ ਕੀਰਤਨ ਇੱਕ ਜ਼ਰੂਰੀ ਅੰਗ ਹਨ। ਅਜੋਕੇ ਸਮੇਂ ਵਿੱਚ ਕੀਰਤਨ ਕਰਨ ਦੇ ਢੰਗ ਅਤੇ ਸੰਗਤ ਦੇ ਸੰਬੰਧ ਬਾਰੇ ਵਿਚਾਰ ਕਰਨ ਦੀ ਵੀ ਲੋੜ ਮਹਿਸੂਸ ਹੁੰਦੀ ਹੈ।

ਗੁਰੂ ਸਾਹਿਬਾਨ ਨੇ ਗੁਰਬਾਣੀ ਦਾ ਕੀਰਤਨ ਕਰਨ ਲਈ ਸੰਗਤ ਦੀ ਰੁਚੀ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ। ਉਨ੍ਹਾਂ ਨੇ ਜਿਹੜੀਆਂ ਸੰਗਤਾਂ ਨੂੰ ਉਪਦੇਸ਼ ਦੇਣਾ ਹੁੰਦਾ ਸੀ, ਉਨ੍ਹਾਂ ਦੀ ਰੁਚੀ ਅਨੁਸਾਰ ਰਾਗ ਦੀ ਵਰਤੋਂ ਕਰਦੇ ਸਨ। ਜਿਵੇਂ ਤਿਲੰਗ ਰਾਗ ਮੁਸਲਮਾਨਾਂ ਦਾ ਹਰਮਨ ਪਿਆਰਾ ਰਾਗ ਹੈ। ਇਸ ਲਈ ਇਸ ਰਾਗ ਦਾ ਪ੍ਰਯੋਗ ਕਰਦਿਆਂ ਉਹ ਮੁਸਲਮਾਨਾਂ ਨੂੰ ਉਪਦੇਸ਼ ਦਿੰਦੇ ਹਨ। ਇਸ ਰਾਗ ਵਿੱਚ ਆਈ ਬਾਣੀ ਵਿੱਚ ਫਾਰਸੀ ਦੀ ਸ਼ਬਦਾਵਲੀ ਇਸ ਗੱਲ ਦਾ ਸਬੂਤ ਹੈ। ਕੁਝ ਸ਼ਬਦ ਤਾਂ ਬਿਲਕੁਲ ਹੀ ਫਾਰਸੀ ਰੰਗ ਵਿੱਚ ਹਨ :

"ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥
ਹਕਾ ਕਬੀਰ ਕਰੀਮ ਤੂ, ਬੇਐਬ ਪਰਵਦਗਾਰ॥"
(ਤਿਲੰਗ ਮਹਲਾ ੧, ਪੰਨਾ ੭੨੧)

ਜਾਂ- "ਖਾਕ ਨੂਰ ਕਰਦੰ, ਆਲਮ ਦੁਨੀਆਇ॥
ਅਸਮਾਨ ਜਿਮੀ ਦਰਖਤ, ਆਬ ਪੈਦਾਇਸਿ ਖੁਦਾਇ॥"
(ਤਿਲੰਗ ਮਹਲਾ ੫, ਪੰਨਾ ੭੨੩)

ਜੋਗੀਆਂ ਨੂੰ ਉਪਦੇਸ਼ ਵਾਲੇ ਬਹੁਤੇ ਸ਼ਬਦ ਰਾਮਕਲੀ ਰਾਗ ਵਿੱਚ ਆਏ ਹਨ। 'ਸਿੱਧ ਗੋਸਟ' ਵੀ ਰਾਗ ਰਾਮਕਲੀ ਵਿੱਚ ਹੀ ਹੈ। ਕਿਹਾ ਜਾਂਦਾ ਹੈ ਰਾਮਕਾਲੀ ਰਾਗ ਜੋਗੀਆਂ ਵਿੱਚ ਬਹੁਤ ਪ੍ਰਚਲਤ ਹੈ।

ਰਾਗ ਤੋਂ ਬਿਨਾਂ ਗੁਰੂ ਸਾਹਿਬਾਨ ਨੇ ਖਾਸ ਇਲਾਕਿਆਂ ਵਿੱਚ ਕੁਝ ਪ੍ਰਚਲਤ ਧੁਨਾਂ ਦਾ ਵੀ ਪ੍ਰਯੋਗ ਕੀਤਾ ਹੈ। ਜਿਵੇਂ ਕੁਝ ਵਾਰਾਂ ਨੂੰ ਆਮ ਲੋਕਾਂ ਵਿਚ ਪ੍ਰਚਲਤ ਲੋਕ ਵਾਰਾਂ ਦੀਆਂ ਧੁਨਾਂ ਉਤੇ ਗਾਉਣ ਲਈ ਆਦੇਸ਼ ਦਿੱਤਾ ਗਿਆ ਹੈ।

ਰਾਗ ਅਤੇ ਧੁਨ ਸਰੋਤਿਆਂ ਨੂੰ ਬਾਣੀ ਸੁਣਨ ਲਈ ਖਿੱਚ ਲੈਂਦੇ ਹਨ। ਕੁਝ ਰਾਗੀ ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਪ੍ਰਚਲਤ ਫਿਲਮੀ ਤਰਜ਼ਾਂ ਉਤੇ ਸ਼ਬਦ ਗਾਉਂਦੇ ਹਨ। ਇਸ ਨਾਲ ਆਮ ਸ੍ਰੋਤੇ ਪ੍ਰਭਾਵਿਤ ਤਾਂ ਹੁੰਦੇ ਹਨ, ਪਰ ਉਨ੍ਹਾਂ ਉਪਰ ਗੁਰਬਾਣੀ ਦਾ ਠੀਕ ਪ੍ਰਭਾਵ ਨਹੀਂ ਪੈਂਦਾ। ਫਿਲਮੀ ਟਿਊਨਾਂ ਜਿਸ ਵਾਯੂਮੰਡਲ ਵਿੱਚ ਰਚੀਆਂ ਹੁੰਦੀਆਂ ਹਨ, ਉਹ ਵਾਯੂਮੰਡਲ ਗੁਰਬਾਣੀ ਦੇ ਵਾਯੂਮੰਡਲ ਦੇ ਅਨੁਸਾਰ ਨਹੀਂ ਹੁੰਦਾ।

ਤਰਜ਼ ਦੇ ਨਾਲ ਨਾਲ ਰਾਗ ਦਾ ਵੀ ਧਿਆਨ ਰੱਖਿਆ ਜਾਣਾ ਚਾਹੀਦਾ ਹੈ। 'ਰਾਗ' ਇੱਕ 'ਭਾਂਡਾ' ਹੈ ਤੇ 'ਬਾਣੀ' ਵਸਤੂ। ਗੁਰੂ ਸਾਹਿਬਾਨ ਨੇ ਵਸਤੂ ਅਨੁਸਾਰ ਹੀ ਭਾਂਡੇ ਦੀ ਚੋਣ ਕੀਤੀ ਹੈ। ਇਸ ਲਈ ਸੰਗਤ ਲਈ ਜ਼ਰੂਰੀ ਹੈ ਕਿ ਉਹ ਰਾਗ ਨੂੰ ਸਮਝਣ ਦੀ ਕੋਸ਼ਿਸ਼ ਕਰੇ। ਅਤੇ ਰਾਗੀ ਸਿੰਘ ਵੀ ਸ਼ਬਦ ਅਤੇ ਰਾਗ ਦੇ ਸੰਬੰਧ ਨੂੰ ਸਮਝਦਿਆਂ ਕੀਰਤਨ ਕਰਨ।

ਅਜਕਲ ਸੰਗਤਾਂ ਇੱਕੋ ਸਮੇਂ ਬਹੁਤੇ ਰਾਗੀਆਂ ਨੂੰ ਸੁਣਨ ਦੀ ਇੱਛਾ ਅਧੀਨ ਕੀਰਤਨ ਦਰਬਾਰ ਕਰਵਾਉਂਦੀਆਂ ਹਨ। ਪਰ ਇਸ ਸਮੇਂ ਰਾਗੀ ਸਿੰਘਾਂ ਨੂੰ ਸਮਾਂ ਪੰਦਰਾਂ ਜਾਂ ਵੀਹ-ਵੀਹ ਮਿੰਟ ਹੀ ਦਿੱਤਾ ਜਾਂਦਾ ਹੈ। ਰਾਗੀ ਸਿੰਘ ਵੀ ਬਹੁਤੀ ਕਮਾਈ ਦੇ ਲਾਲਚ ਨੂੰ ਮੁੱਖ ਰੱਖਕੇ ਇੱਕ ਇੱਕ ਦਿਨ ਕਈ ਕਈ ਪ੍ਰੋਗਰਾਮ ਮਿਥ ਲੈਂਦੇ ਹਨ, ਅਤੇ ਇਸ ਕਾਰਨ ਕੀਰਤਨ ਇੱਕ ਰਸਮੀ ਕਾਰਵਾਈ ਬਣ ਕੇ ਰਹਿ ਗਿਆ ਹੈ। ਲੋੜ ਹੈ ਕਿ ਸੰਗਤਾਂ ਕੀਰਤਨ ਦੇ ਸਮੇਂ ਇੱਕ-ਮਨ ਇੱਕ-ਚਿੱਤ ਹੋ ਕੇ ਜੁੜਨ। ਰਾਗੀ ਸਿੰਘ ਨੂੰ ਇਥੇ ਚਉਕੀ ਦਾ ਸਮਾਂ ਦਿੱਤਾ ਜਾਵੇ, ਜਿਸ ਨਾਲ ਉਹ ਆਪਣੇ ਕੀਰਤਨ ਵਿੱਚ ਇੱਕ ਪ੍ਰਭਾਵ ਦੀ ਰਚਨਾਂ ਕਰ ਸਕੇ।

ਕੀਰਤਨ ਦਾ ਅਸਲੀ ਅਨੰਦ ਸੰਗਤ ਵਿੱਚ ਹੀ ਆਉਂਦਾ ਹੈ। ਕੀਰਤਨੀਆਂ ਵੀ ਸੰਗਤ ਵਿੱਚ ਆ ਕੇ ਚਾਅ ਨਾਲ ਕੀਰਤਨ ਕਰਦਾ ਹੈ। ਕੁਝ ਰਾਗੀਆਂ ਦੀਆਂ ਸਟੂਡੀਓ ਵਿੱਚ ਰਿਕਾਰਡ ਕੀਤੀਆਂ ਟੇਪਾਂ ਅਤੇ ਸੰਗਤ ਵਿੱਚ ਰਿਕਾਰਡ ਕੀਤੀਆਂ ਟੇਪਾਂ ਦਾ ਤੁਲਨਾ-ਤਮਕ ਅਧਿਐਨ ਕਰਨ ਤੋਂ ਵੀ ਇਸ ਸਿੱਟੇ ਤੇ ਪੁੱਜੀਦਾ ਹੈ ਕਿ ਸੰਗਤ ਵਿੱਚ ਕੀਤਾ ਕੀਰਤਨ ਇੱਕਲਿਆਂ ਕੀਤੇ ਕੀਰਤਨ ਨਾਲੋਂ ਵਧੇਰੇ ਅਨੰਦ ਦਿੰਦਾ ਹੈ।

ਜੇ ਕੋਈ ਕੀਰਤਨੀਆਂ ਸੰਗਤ ਦੀ ਰੁਚੀ ਵਾਲੀ ਧੁਨ, ਸ਼ਬਦ ਦੇ ਭਾਵ ਵਾਲਾ ਰਾਗ ਅਤੇ ਸ਼ਬਦਾਂ ਦੇ ਉਚਾਰਨ ਦਾ ਧਿਆਨ ਰੱਖਦਿਆਂ ਵਿਦਵਾਨ ਸੰਗਤਾਂ ਵਿੱਚ ਕੀਰਤਨ ਕਰੇ, ਤਾਂ ਉਹ ਸਰੋਤਿਆਂ ਨੂੰ ਅਰਸ਼ੀ-ਮੰਡਲਾਂ ਉਤੇ ਲਿਆ ਬਿਠਾਉਂਦਾ ਹੈ।

# ਨਿਆਰੀ ਖੋਜ- 'ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ'

**ਡਾ. ਹਰਨੇਕ ਸਿੰਘ ਕਲੇਰ**

ਇਤਿਹਾਸ ਹਰ ਕੌਮ ਦਾ ਖਜ਼ਾਨਾ ਹੁੰਦਾ ਹੈ। ਜਿਸ ਕੌਮ ਦੇ ਵਾਰਸ ਆਪਣੇ ਇਤਿਹਾਸ ਨੂੰ ਸਨਮੁਖ ਰੱਖਦੇ ਹਨ, ਉਹ ਇਤਿਹਾਸ ਤੋਂ ਸੇਧ ਲੈ ਕੇ ਨਵੀਆਂ ਪ੍ਰਾਪਤੀਆਂ ਕਰਦੇ ਹਨ। ਪੁਸਤਕ- 'ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ' ਵਿਦਵਾਨ ਲੇਖਕ ਜਸਬੀਰ ਸਿੰਘ ਸਰਨਾ ਦੀ ਖੋਜ-ਕ੍ਰਿਤ ਹੈ। ਜਸਬੀਰ ਸਿੰਘ ਸਰਨਾ ਨੇ ਕਵੀ ਅਤੇ ਵਾਰਤਕਕਾਰ ਦੇ ਰੂਪ ਵਿੱਚ ਪਾਠਕਾਂ ਸੰਗ ਆਪਣੀ ਗੂੜ੍ਹੀ ਸਾਂਝ ਬਣਾ ਲਈ ਹੈ। ਇਸ ਤੋਂ ਪਹਿਲਾਂ ਸਰਨਾ ਜੀ ਨੇ ਸਿੱਖ ਚਿੰਤਨ, Sikhs in Kashmir, flora and fauna in Guru Nanank's Bani, Sikh shrines in Jammu and Kashmir, History of the Sikh students fedration ਪੁਸਤਕਾਂ ਸਿੱਖ ਜਗਤ ਦੀ ਝੋਲੀ ਪਾਈਆਂ ਹਨ। ਜੰਮੂ ਕਸ਼ਮੀਰ ਦਾ ਇਤਿਹਾਸ ਜਸਬੀਰ ਸਿੰਘ ਸਰਨਾ ਜੀ ਦੀ ਬਹੁ-ਮੁੱਲੀ ਖੋਜ ਘਾਲਣਾ ਹੈ। ਇਹ ਪੁਸਤਕ ਲੇਖਕ ਦੀ ਗੰਭੀਰ ਖੋਜ ਦ੍ਰਿਸ਼ਟੀ ਨੂੰ ਰੂਪਮਾਨ ਕਰਦੀ ਹੈ। ਇਸ ਇਤਿਹਾਸ ਖੋਜ ਪੁਸਤਕ ਦੇ ਸੰਕਲਨ ਲਈ ਸਮੱਗਰੀ ਤੱਕ ਪਹੁੰਚ, ਉਸ ਦੀ ਪੜਚੋਲ ਅਤੇ ਫਿਰ ਤੱਥ ਆਧਾਰਿਤ ਸਮੱਗਰੀ ਨੂੰ ਪਾਠਕਾਂ ਸਨਮੁੱਖ ਰੱਖਣਾ ਕੋਈ ਸਹਿਲ ਕਾਰਜ ਨਹੀਂ ਸਗੋਂ ਲੇਖਕ ਦੀ ਵਿਲੱਖਣ ਸੂਝ ਦਾ ਪ੍ਰਮਾਣ ਹੈ।

ਵਿਦਵਾਨ ਲੇਖਕ ਨੇ ਪੁਸਤਕ ਦੀ ਸ਼ੁਰੂਆਤ ਜੰਮੂ ਕਸ਼ਮੀਰ ਦੀ ਭੂਗੋਲਿਕ ਸਥਿਤੀ ਨੂੰ ਭਾਵਪੂਰਤ ਸ਼ਬਦਾ ਵਿੱਚ ਬਿਆਨ ਕਰਦਿਆਂ ਕੀਤੀ ਹੈ। ਲੇਖਕ ਜੰਮੂ ਕਸ਼ਮੀਰ ਨੂੰ ਭਾਰਤ ਦੇ ਸਿਰ ਮੁਕਟ ਆਖ ਕੇ ਉਸਦੇ ਗੌਰਵ ਨੂੰ ਵਧਾਉਣਾ ਲੋਚਦਾ ਹੈ। ਲੇਖਕ ਲਿਖਦਾ ਹੈ ਕਿ ਸਿੱਖ ਧਰਮ ਦੇ ਬਾਨੀ ਜਗਤ ਗੁਰੂ-ਗੁਰੂ ਨਾਨਕ ਦੇਵ ਜੀ ਨੇ 1515 ਸੀ. ਈ. ਤੋਂ 1517 ਸੀ. ਈ. ਤੱਕ ਜੰਮੂ ਕਸ਼ਮੀਰ ਦੀ ਧਰਤੀ ਨੂੰ ਭਾਗ ਲਾਏ। ਇੱਥੇ ਆਪ ਨੇ ਬ੍ਰਹਮ-ਦਾਸ ਤੇ ਫ਼ਕੀਰ ਕਮਾਲ ਅਤੇ ਹੋਰ ਅਨੇਕਾਂ ਸੰਗਤਾਂ ਨੂੰ ਤਾਰਿਆ। ਪੰਡਤ ਬ੍ਰਹਮਦਾਸ ਹੈਕੜਬਾਜ ਸੀ। ਰਿੱਧੀਆਂ-ਸਿੱਧੀਆਂ ਦਾ ਵਿਖਾਵਾ ਕਰਦਾ ਸੀ, ਬਹਿਸ ਲਈ ਊਠ ਉੱਤੇ ਕਿਤਾਬਾਂ ਲੱਦ ਕੇ ਘੁੰਮਦਾ ਸੀ ਆਖਰ ਉਹ ਗੁਰੂ ਨਾਨਕ ਦੇ ਚਰਨੀ ਡਿੱਗ ਪਿਆ। ਆਪ ਨੇ ਉਪਦੇਸ਼ ਦਿੱਤਾ ਕਿ ਹਰ ਪੁਰਖ ਨੂੰ ਪ੍ਰਭੂ ਦੇ ਸੱਚੇ ਨਾਮ ਦੀ ਕਮਾਈ ਕਰਨੀ ਚਾਹੀਦੀ ਹੈ। ਇਹ ਗੁਰੂ ਸਾਹਿਬ ਜੀ ਦੀ ਤੀਜੀ ਉਦਾਸੀ ਦਾ ਉਪਦੇਸ਼ ਸੀ। ਉਹ ਸੁਮੇਰ ਪਰਬਤ ਤੱਕ ਗਏ ਜਿੱਥੇ ਆਪ ਨੇ ਸਿੱਧਾਂ ਨਾਲ ਗੋਸ਼ਟਿ ਕੀਤੀ। ਲੇਖਕ ਨੇ ਆਪਣੇ ਜੁਟਾਏ ਮਹੱਤਵਪੂਰਨ ਸੋਮਿਆਂ ਨਾਲ ਗੁਰੂ ਜੀ ਦੀਆਂ ਉਦਾਸੀਆਂ ਸਬੰਧੀ ਆਏ ਨਾਂਵਾਂ ਥਾਂਵਾਂ ਨੂੰ ਸੋਧ ਕੇ ਪ੍ਰਕਾਸ਼ ਵਿੱਚ ਲਿਆਂਦਾ ਹੈ। ਲੇਖਕ ਨੇ ਰਾਜ ਤਰੰਗਣੀ, ਨੀਲਮ-ਪੁਰਾਣ ਅਤੇ ਜੰਮੂ ਕਸ਼ਮੀਰ ਨਾਲ ਸਬੰਧਿਤ ਪ੍ਰਾਚੀਨ ਗਰੰਥ/ਦਸਤਾਵੇਜ਼ ਵਾਚ ਕੇ ਤੱਥਾਂ ਨੂੰ ਪ੍ਰਮਾਣਿਤ ਕੀਤਾ ਹੈ।

ਜੰਮੂ ਕਸ਼ਮੀਰ ਵਿੱਚ 'ਸ੍ਰੀ ਗੁਰੂ ਹਰਿ ਗੋਬਿੰਦ ਜੀ' ਦੀ ਯਾਤਰਾ ਦਾ ਵਿਵਰਣ ਵੀ ਤੱਥ ਆਧਾਰਿਤ ਸਮੱਗਰੀ ਅਨੁਸਾਰ ਸੰਕਲਿਤ ਹੈ। ਇਸ ਸਵਰਗੀ ਧਰਤੀ ਉੱਤੇ ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਜੀ ਅਤੇ ਬਾਦਸ਼ਾਹ ਜਹਾਂਗੀਰ ਇਕੱਠੇ ਹੀ ਵਿਚਰਦੇ ਰਹੇ। ਇੱਥੇ ਹੀ ਗੁਰੂ ਸਾਹਿਬ ਨੇ ਬ੍ਰਾਹਮਣ ਪਰਿਵਾਰ ਦੇ ਬੀਰੂ ਦੱਤ ਅਤੇ ਭਾਈ ਮੂਲ ਨੂੰ ਸਿੱਖੀ ਦੀ ਦਾਤ ਅਤੇ ਇੱਕ ਝੰਡਾ ਨਾਮੀਂ ਸਿੱਖ ਨੂੰ ਇਲਾਕੇ ਦੀ ਸਿੱਖੀ ਦੀ ਦਾਤ ਬਖ਼ਸ਼ਿਸ਼ ਕੀਤੀ। ਬਾਦਸ਼ਾਹ ਦੀ ਆਗਿਆ ਨਾਲ ਮਲਕਾ ਨੂਰਜਹਾਂ ਨੇ ਸ਼ਾਲੀਮਾਰ ਬਾਗ ਵਿੱਚ ਗੁਰੂ ਸਾਹਿਬ ਦੇ ਦਰਸ਼ਨ ਕੀਤੇ। ਗੁਰੂ ਸਾਹਿਬ ਇੱਥੇ ਤਿੰਨ ਮਹੀਨੇ ਠਹਿਰੇ। ਫਿਰ ਇਥੋਂ ਹਸਨ-ਅਬਦਾਲ ਚਲੇ ਗਏ।

ਜਸਬੀਰ ਸਿੰਘ ਸਰਨਾ ਅਨੁਸਾਰ ਸੱਤਵੇਂ ਪਾਤਿਸ਼ਾਹ 'ਗੁਰੂ ਹਰਿ ਰਾਇ ਜੀ' ਨੇ 1660 ਸੀ. ਈ. ਵਿੱਚ ਜੰਮੂ ਕਸ਼ਮੀਰ ਦੀ ਧਰਤੀ ਨੂੰ ਪਵਿੱਤਰ ਕੀਤਾ। ਗੁਰੂ ਜੀ ਦੇ ਸੰਗ ਮੱਖਣ ਸ਼ਾਹ ਲੁਬਾਣਾ ਵੀ ਸੀ। ਇਸ ਤੋਂ ਬਿਨਾਂ ਲੇਖਕ ਲਿਖਦਾ ਹੈ ਕਿ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ' 1682 ਸੀ. ਈ. ਵਿੱਚ ਰਾਜਾ ਭੀਮ ਚੰਦ ਦੇ ਸੱਦੇ ਉੱਤੇ ਰਵਾਲਸਰ ਤੀਰਥ ਵਿਖੇ ਪਹੁੰਚੇ। ਇੱਥੋਂ ਹੀ ਗੁਰੂ ਸਾਹਿਬ ਨੇ ਰਾਜਾ ਗਜੇ ਸਿੰਘ ਦੀ ਬੇਨਤੀ ਉੱਤੇ ਪੁਰਮੰਡਲ ਤੀਰਥ ਅਸਥਾਨ ਦੀ ਯਾਤਰਾ ਕੀਤੀ। ਇੱਥੇ ਹਜ਼ਾਰਾਂ ਸੰਗਤਾਂ ਗੁਰੂ ਸਾਹਿਬ ਦੇ ਦਰਸ਼ਨ ਲਈ ਉਮੜ ਪਈਆਂ। ਗੁਰੂ ਜੀ ਇੱਥੇ ਇੱਕ ਦਿਨ ਠਹਿਰੇ ਅਤੇ ਦੂਜੇ ਦਿਨ ਰਾਜਾ ਗਜੇ ਸਿੰਘ ਦੇ ਨਾਲ ਪਹਾੜਾਂ ਦੀ ਸੈਰ ਕਰਦੇ ਹੋਏ ਜੰਮੂ ਨਗਰ ਵਿਖੇ ਪਹੁੰਚ ਗਏ। ਲੇਖਕ ਦੱਸਦਾ ਹੈ ਕਿ 'ਗੁਰੂ ਗੋਬਿੰਦ ਸਿੰਘ ਜੀ' ਨੂੰ ਬੰਦਾ ਸਿੰਘ ਬਹਾਦਰ ਦੀ ਬਹਾਦਰੀ ਭਰੀ ਗਾਥਾ ਦਾ ਇੱਥੋਂ ਹੀ ਪਤਾ ਲੱਗਿਆ ਹੋਵੇਗਾ। ਇਹ ਗੱਲ ਬਿਲਕੁਲ ਤਰਕਸੰਗਤ ਜਾਪਦੀ ਹੈ।

ਇਸ ਪੁਸਤਕ ਵਿੱਚ ਜਸਬੀਰ ਸਿੰਘ ਸਰਨਾ ਨੇ ਜੰਮੂ ਕਸ਼ਮੀਰ ਵਿੱਚ ਸਿੱਖ ਧਰਮ ਦੇ ਪ੍ਰਚਾਰ ਲਈ ਸਥਾਪਿਤ ਡੇਰਿਆਂ ਦਾ ਜ਼ਿਕਰ ਕੀਤਾ ਹੈ। ਇਹਨਾਂ ਦੇ ਸੰਸਥਾਪਕਾਂ ਦੇ ਨਾਂਵਾਂ-ਥਾਂਵਾਂ ਦਾ ਵੇਰਵਾ ਤੱਥਾਂ ਉੱਤੇ ਆਧਾਰਿਤ ਜਾਪਦਾ ਹੈ। ਪੁਸਤਕ ਵਿੱਚ ਬੰਦਾ ਬਹਾਦਰ ਦੇ ਵਾਰਸਾਂ ਬਾਰੇ ਬਹੁਤ ਹੀ ਵਿਸਥਾਰ ਪੂਰਵਕ ਵੇਰਵਾ ਦਰਜ ਹੈ। ਲੇਖਕ ਨੇ ਗੁਰੂ ਸਾਹਿਬਾਨ ਦੇ ਚਰਨ ਕੰਵਲਾਂ ਨਾਲ ਪਵਿੱਤਰ ਯਾਦਗਾਰਾਂ ਦੇ ਰੂਪ ਵਿੱਚ ਸਥਾਪਿਤ ਗੁਰਦੁਆਰਿਆਂ ਦਾ ਵਿਵਰਨ ਵੀ ਭਲੀਭਾਂਤ ਕੀਤਾ ਹੈ ਜਿਵੇਂ ਗੁਰਦੁਆਰਾ 'ਪੱਥਰ ਸਾਹਿਬ'-ਲੇਹ-ਲਦਾਖ, ਗੁਰਦੁਆਰਾ 'ਨਾਨਕਸਰ'-ਮਟਨ ਸਾਹਿਬ, ਗੁਰਦੁਆਰਾ 'ਨਾਨਕ ਅਸਥਾਨ'-ਅਨੰਤ ਨਾਗ, ਗੁਰਦੁਆਰਾ 'ਸ਼ਾਹ ਜੀ ਮਾਰਗ' ਪੁਲ ਵਰਮਾ, ਗੁਰਦੁਆਰਾ ਛੇਵੀਂ ਪਾਤਿਸ਼ਾਹੀ- 'ਕਾਠੀ ਦਰਵਾਜ਼ਾ' ਸ੍ਰੀ ਨਗਰ, ਗੁਰਦੁਆਰਾ 'ਛੇਵੀਂ ਪਾਤਿਸ਼ਾਹੀ' ਬਾਰਮੂੱਲਾ, ਗੁਰਦੁਆਰਾ 'ਥੜ੍ਹਾ ਸਾਹਿਬ' ਕਲਮਪੁਰਾ, ਗੁਰਦੁਆਰਾ 'ਪਰਮਪੀਲਾ' ਊੜੀਂ, ਗੁਰਦੁਆਰਾ 'ਛੇਵੀਂ ਪਾਤਿਸ਼ਾਹੀ' ਕਾਠਾਈ, ਨਲੂਛੀ (ਮੁਜ਼ੱਫ਼ਰਬਾਦ)।

ਇਸ ਪੁਤਸਕ ਵਿੱਚ ਜੰਮੂ ਕਸ਼ਮੀਰ ਵਿੱਚ ਸਿੱਖਾਂ ਦੇ ਕਾਰ-ਵਿਹਾਰ ਬਾਰੇ ਭਾਵ-ਪੂਰਤ ਜਾਣਕਾਰੀ ਦਿੱਤੀ ਗਈ ਹੈ। ਲੇਖਕ ਨੇ ਇੱਕ ਅਧਿਆਇ ਵਿੱਚ ਜੰਮੂ ਕਸ਼ਮੀਰ ਦੇ ਲੇਖਕਾਂ ਵੱਲੋਂ ਪੰਜਾਬੀ ਸਾਹਿਤ ਦੇ ਭੰਡਾਰੇ ਨੂੰ ਭਰਨ ਲਈ ਪਾਏ ਜਾ ਰਹੇ ਯੋਗਦਾਨ ਬਾਰੇ ਭਰਪੂਰ ਚਾਨਣਾ ਪਾਇਆ ਹੈ। ਜੰਮੂ ਕਸ਼ਮੀਰ ਦੇ 'ਗੁਰਮੁਖ ਨਗੀਨੇ' ਸਿਰਲੇਖ ਹੇਠ ਗੁਰਮਤਿ ਨਾਲ ਜੁੜੇ ਹੋਏ ਉਹਨਾਂ ਗੁਰਮੁਖ ਸੱਜਣਾਂ ਬਾਰੇ ਭਲੀ-ਭਾਂਤ ਵਿਵਰਣ ਹੈ ਜਿਹੜੇ ਔਖੇ ਵੇਲਿਆਂ ਵਿੱਚ ਵੀ ਉਦਾਸੀ ਮਤਿ ਦੇ ਡੇਰਿਆਂ ਰਾਹੀਂ ਗੁਰੂ ਘਰ

ਦਾ ਪ੍ਰਚਾਰ ਕਰਦੇ ਰਹੇ। ਪੁਸਤਕ ਵਿੱਚ ਲੇਖਕ ਨੇ ਈਸਵੀ ਸੰਨ ਦੀ ਥਾਂ ਸੀ. ਈ. ਭਾਵ ਚਾਲੂ ਵਰ੍ਹਾ ਲਿਖਿਆ ਹੈ, ਜੋ ਵਿਦਵਾਨਾਂ ਦੀ ਸਵੀਕ੍ਰਿਤੀ ਲਈ ਹੈ। ਇੰਝ ਹੀ ਕੀਰਤਨ ਰਾਹੀਂ ਗੁਰਮਤਿ ਪ੍ਰਚਾਰ ਕਰਨ ਵਾਲੇ ਗੁਰਮੁਖ ਵੀ ਇਸ ਪੁਸਤਕ ਦਾ ਸ਼ਿੰਗਾਰ ਹਨ। ਪੁਸਤਕ ਵਿੱਚ ਪ੍ਰਮੁੱਖ ਸਖਸ਼ੀਅਤਾਂ ਦੀਆਂ ਫ਼ੋਟੋਜ਼ ਪ੍ਰਾਪਤ ਕਰਕੇ ਪ੍ਰਕਾਸ਼ਿਤ ਕਰਨੀਆਂ ਵੀ ਲੇਖਕ ਦੀ ਅਹਿਮ ਪ੍ਰਾਪਤੀ ਹੈ। ਸਭ ਤੋਂ ਵੱਧ ਸੰਤੋਖ ਦੀ ਗੱਲ ਤਾਂ ਇਹ ਹੈ ਕਿ ਇਹ ਤੱਥ, ਭੱਟ-ਵਹੀਆਂ, ਪ੍ਰਾਚੀਨ ਖਰੜਿਆਂ ਅਤੇ ਹੋਰ ਦਸਤਾਵੇਜ਼ਾਂ ਤੋਂ ਪ੍ਰਾਪਤ ਕੀਤੇ ਹਨ, ਜੋ ਕਿ ਪ੍ਰਾਚੀਨ ਤੇ ਪ੍ਰਮਾਣਿਕ ਸਵਰੂਪ ਹਨ। ਪੁਸਤਕ-'ਸੰਤ ਐਂਡ, ਸਿੰਘ ਪਬਲਿਸ਼ਰਜ਼ ਕਸ਼ਮੀਰ ਵੱਲੋਂ ਪ੍ਰਕਾਸ਼ਿਤ ਦੋ ਸੋ ਰੁਪਏ ਮੁੱਲ ਦੀ ਹੈ।

## ਕੀਰਤਨ ਕਲਾਸਾਂ

ਹੇਠ ਲਿਖੇ ਸਥਾਨਾਂ ਤੇ ਕੀਰਤਨ ਕਲਾਸਾਂ ਲਗਾਈਆਂ ਜਾਂਦੀਆਂ ਹਨ। ਚਾਹਵਾਨ ਵਿਅਕਤੀ ਸੰਪਰਕ ਕਰਕੇ ਲਾਭ ਉਠਾ ਸਕਦੇ ਹਨ

ਗੁਰਦੁਆਰਾ ਸਾਹਿਬ
ਸੈਕਟਰ 34, ਚੰਡੀਗੜ੍ਹ

ਗੁਰੂ ਨਾਨਕ ਬਾਲ ਆਸ਼ਰਮ,
ਨੇੜੇ ਰਾਮਗੜ੍ਹੀਆ ਭਵਨ,
ਸੈਕਟਰ 27, ਚੰਡੀਗੜ੍ਹ

ਉੱਜਲ ਸਿੰਘ ਮਦਾਨ
1470, ਸੈਕਟਰ 43-ਬੀ, ਚੰਡੀਗੜ੍ਹ

ਬੀਬੀ ਬਸੰਤ ਕੌਰ ਲਾਂਬਾ,
3116 ਸੈਕਟ; 19-ਡੀ, ਚੰਡੀਗੜ੍ਹ

ਗੁਰਦੁਆਰਾ ਸਾਚਾ ਧੰਨ,
ਫੇਜ਼-3-ਬੀ-1,
ਮੋਹਾਲੀ

ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ,
ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ,
ਮਾਡਲ ਟਾਊਨ ਐਕਸਟੇਨਸ਼ਨ, ਲੁਧਿਆਣਾ

ਸੰਗੀਤ ਭਾਰਤੀ,
99 ਬੀ, ਸ਼ਾਸਤਰੀ ਨਗਰ, ਲੁਧਿਆਣਾ

ਸਿੱਖ ਮਿਸ਼ਨਰੀ ਗੁਰਮਤਿ ਸੰਗੀਤ ਵਿਦਿਆਲਾ
ਐਚ-1 ਲੇਬਰ ਕਾਲੋਨੀ
ਜਮਾਲਪੁਰ, ਲੁਧਿਆਣਾ

ਪੰਜਾਬ ਸਿੰਧ ਬੈਂਕ ਕੀਰਤਨ ਅਕੈਡਮੀ,
ਗਰੀਨ ਪਾਰਕ, ਜਲੰਧਰ

ਬਾਵਰਾ ਮਿਊਜ਼ਿਕ ਕਾਲਜ,
2, ਗੁਰੂ ਨਾਨਕ ਨਗਰ
ਮਾਡਲ ਟਾਊਨ, ਜਲੰਧਰ

ਫਾਈਵ ਸਟਾਰ ਸੰਗੀਤ ਸਭਾ,
276- ਆਰ ਮਾਡਲ ਟਾਊਨ, ਜਲੰਧਰ

ਸਿੱਖ ਮਿਸ਼ਨਰੀ ਕਾਲਜ (ਰਜਿ:)
ਡਬਲਯੂ, ਜੀ, 578, ਸੂਰਜ ਗੰਜ, ਜਲੰਧਰ

ਭਾਈ ਵੀਰ ਸਿੰਘ ਹਾਲ,
ਲਾਰੰਸ ਰੋਡ, ਅੰਮ੍ਰਿਤਸਰ

ਸ੍ਰ: ਬੂਟਾ ਸਿੰਘ ਹੰਸਪਾਲ
ਹੰਸਪਾਲ ਗੁਰਬਾਣੀ ਸੰਗੀਤ ਅਕੈਡਮੀ
232 ਈਸਟ ਮੋਹਨ ਨਗਰ, ਅੰਮ੍ਰਿਤਸਰ

ਸਚਦੇਵਾ ਸੰਗੀਤ ਅਕੈਡਮੀ,
ਗੁਰਦੁਆਰਾ ਰੋਡ ਮਲੋਟ

ਗੁਰਦੁਆਰਾ ਦਸ਼ਮੇਸ਼ਗੜ੍ਹ
ਵੀਰੋਵਾਲ, ਜ਼ਿਲ੍ਹਾ: ਨਵਾਂ ਸ਼ਹਿਰ

ਗੁਰਮਿਤ ਸੰਗੀਤ ਅਕੈਡਮੀ,
ਨੇੜੇ ਬਸ ਅੱਡਾ, ਫਿਰੋਜ਼ਪੁਰ

ਸ੍ਰੀ ਗੁਰੂ ਹਰਗੋਬਿੰਦ ਢਾਡੀ
ਅਤੇ ਸੰਗੀਤ ਵਿੱਦਿਆਲਾ
ਸਤਿਨਾਮਪੁਰਾ, ਛਾਬੜਾ ਹਸਪਤਾਲ ਦੇ ਪਿੱਛੇ,
ਫਗਵਾੜਾ

ਸ. ਸ. ਕਰੀਰ
2- ਰਘਬੀਰ ਨਗਰ, ਬਚਿੱਤਰ ਮਾਰਗ
ਪਟਿਆਲਾ

ਜੀ, ਐਸ, ਸਰਦਾਰ
1/ 98 ਰਾਜਿੰਦਰ ਨਗਰ, ਨਵੀਂ ਦਿੱਲੀ

ਗੁਰਮਿਤ ਵਿੱਦਿਆਲਾ
ਗੁ: ਰਕਾਬ ਗੰਜ, ਨਵੀਂ ਦਿੱਲੀ

ਗੁਰਬਾਣੀ ਸੰਗੀਤ ਅਕੈਡਮੀ,
69-2 ਪਡਾਪੁਕਾਰ ਰੋਡ, ਕੱਲਕਤਾ

# ਭਾਈ ਸੰਤਾ ਸਿੰਘ ਜੀ ਦੇ ਮਹਾਨ ਰਿਕਾਰਡਾਂ ਪਿੱਛੇ ਰਾਜ਼

ਨਿਊਯਾਰਕ ਤੋਂ ਹਰਜਾਪ ਸਿੰਘ ਔਂਜਲਾ

ਭਾਈ ਸੰਤਾ ਸਿੰਘ ਜੀ ਐਸ ਸਦੀਂ ਦੇ ਮੰਨੇ ਪ੍ਰਮੰਨੇ ਕੀਰਤਨੀਏ ਤਸੱਵੁਰ ਕੀਤੇ ਜਾਂਦੇ ਹਨ। ਆਪਜੀ ਉਨ੍ਹਾਂ ਤਪੱਸਵੀਆਂ ਵਿੱਚੋਂ ਸਨ ਜਿਨ੍ਹਾਂ ਨੇ ਸੁਰ ਦੀ ਸਾਧਨਾ ਜੀ ਜਾਨ ਨਾਲ ਕੀਤੀ। ਸੁਰ ਨੂੰ ਸਿਰਫ਼ ਕਾਬੂ ਵਿੱਚ ਹੀ ਨਹੀਂ ਕੀਤਾ ਬਲਕਿ ਉਸ ਉੱਪਰ ਅਜਿਹੀ ਪਕੜ ਜਮਾਈ ਕਿ ਸੁਰ ਅਤੇ ਭਾਈ ਸਾਹਿਬ ਇੱਕ ਮਿੱਕ ਹੋ ਗਏ। ਸੁਰ ਉੱਪਰ ਪਕੜ ਭਾਈ ਸਾਹਿਬ ਦੇ ਆਖਰੀ ਸਵਾਸਾਂ ਤੱਕ ਬਦਸਤੂਰ ਜਾਰੀ ਰਹੀ।

ਭਾਈ ਸਾਹਿਬ ਦੇ ਸ਼ਬਦ ਕੀਰਤਨ ਦੇ ਰਿਕਾਰਡ ਚਾਰ 78 ਆਰ ਪੀ ਐਮ ਦੇ ਹੀ ਹਨ। ਇਨ੍ਹਾਂ ਵਿੱਚੋਂ ਦੋ ਦੋ ਨੂੰ ਮਿਲਾਕੇ ਐਕਸਟੈਂਡਡ ਪਲੇ ਰਿਕਾਰਡ ਬਣਾਏ ਗਏ। ਇਹ ਅੱਠ ਸ਼ਬਦ ਵੱਖ ਵੱਖ ਗੀਤਾਂ ਵਿਚ ਅੱਜ ਭੀ ਟੇਪਾਂ ਤੇ ਮਿਲਦੇ ਹਨ। ਸਰੋਤਿਆਂ ਨੂੰ ਇਹ ਸ਼ਬਦ ਸੁਣਦਿਆਂ ਪੰਜ ਦਹਾਕੇ ਹੋ ਚੁੱਕੇ ਹਨ, ਅਜੇ ਤਾਈਂ ਇਨ੍ਹਾਂ ਦਾ ਅਸਰ ਤਾਜ਼ਾ ਤਰੀਨ ਹੈ। ਇਹ ਗੀਤਾਂ ਹਮੇਸ਼ਾ ਜਵਾਨ ਹਨ ਅਤੇ ਰਹਿੰਦੀ ਦੁਨੀਆਂ ਤੱਕ ਇੰਜ ਹੀ ਰਹਿਣਗੀਆਂ।

ਇਹ ਰਿਕਾਰਡ ਸੁਣਕੇ ਉਤਸੁਕਤਾ ਜਾਗਦੀ ਹੈ ਕਿ ਜਿੰਨਾਂ ਖੂਬਸੂਰਤ ਗਾਇਨ ਹੈ ਉੱਨੀਆਂ ਹੀ ਪੁਰਅਸਰ ਪਰੀਲਿਊਡਜ਼ ਅਤੇ ਇੰਟਰਲਿਊਡਜ਼ ਹਨ। ਸ਼ਬਦ ਕੀਰਤਨ ਵਿੱਚ ਪਰੀਲਿਊਡ ਅਤੇ ਇੰਟਰਲਿਊਡ ਦੀ ਕੋਈ ਪ੍ਰਥਾ ਨਹੀਂ। ਮਨ ਵਿੱਚ ਜਗਿਆਸਾ ਉੱਠਦੀ ਹੈ ਕਿ ਇਨ੍ਹਾਂ ਸਾਜ਼ੀਨਿਆਂ ਪਿੱਛੇ ਕਿਸ ਪ੍ਰਤੀਭਾਵਾਨ ਦੀ ਸੰਗੀਤ ਨਿਰਦੇਸ਼ਕੀ ਹੈ। ਇਸ ਲੇਖਕ ਨੇ ਇਸੇ ਹੀ ਗੁੱਥੀ ਨੂੰ ਸੁਲਝਾਉਣ ਵਾਸਤੇ ਇਨ੍ਹਾਂ ਸ਼ਬਦਾਂ ਨੂੰ ਵਾਰ ਵਾਰ ਸੁਣਿਆ।

ਇਹ ਰਿਕਾਰਡਿੰਗਜ਼ ਲਹੌਰ ਦੀਆਂ ਹਨ। ਇਸ ਗੱਲ ਵਿੱਚ ਭੀ ਸ਼ੱਕ ਨਹੀਂ ਕਿ ਭਾਈ ਸਾਹਿਬ ਵੱਡੇ ਸਾਜ਼ੀਨੇ ਨਾਲ ਕਦੀ ਭੀ ਕੀਰਤਨ ਨਹੀਂ ਸਨ ਕਰਦੇ। ਫੇਰ ਇਹ ਪੁਰਅਸਰ ਸਾਜ਼ੀਨੇ ਕਿੱਥੋਂ ਆਏ। ਸੰਗੀਤ ਨਿਰਦੇਸ਼ਕ ਐਸ ਮੁਹਿੰਦਰ ਦੱਸਦੇ ਹਨ ਕਿ ਵੱਡੇ ਸੰਗੀਤ ਨਿਰਦੇਸ਼ਕ ਆਪਣੇ ਮਖ਼ਸੂਸ ਸਾਜ਼ੀਨੇ ਰੱਖਿਆ ਕਰਦੇ ਸਨ ਅਤੇ ਵਾਦਕ ਕਲਾਕਾਰਾਂ ਨੂੰ ਸਹਿਜੇ ਕਿਤੇ ਕਿਸੇ ਦੇ ਨਾਲ ਸਾਂਝੇ ਨਹੀਂ ਸਨ ਕਰਦੇ।

ਉਨ੍ਹਾਂ ਦਿਨਾਂ ਵਿੱਚ ਲਹੌਰ ਵਿੱਚ ਮਾਸਟਰ ਗੁਲਾਮ ਹੈਦਰ, ਪੰਡਿਤ ਅਮਰ ਨਾਥ, ਪੰਡਿਤ ਗੋਬਿੰਦਰਾਮ ਅਤੇ ਖੁਰਸ਼ੀਦ ਮਾਨਵਰ ਹੀ ਨਾਮਵਰ ਸੰਗੀਤ ਨਿਰਦੇਸ਼ਕ ਸਨ। ਝੰਡੇ ਖਾਂ, ਰਫ਼ੀਕ ਗ਼ਜ਼ਨਵੀ ਅਤੇ ਫੀਰੋਜ਼ ਨਿਜ਼ਾਮੀ ਬੰਬਈ ਚਲੇ ਗਏ ਸਨ। ਸ਼ਾਮ ਸੁੰਦਰ ਭੀ ਬੰਬਈ ਹੀ ਸਨ। ਇਸ ਲੇਖਕ ਨੇ ਗੁਲਾਮ ਹੈਦਰ, ਪੰਡਿਤ ਅਮਰਨਾਥ, ਪੰਡਿਤ ਗੋਬਿੰਦਰਾਮ ਅਤੇ ਖੁਰਸ਼ੀਦ ਅਨਵਰ ਦਾ ਲਹੌਰ ਵਿੱਚ ਰਚਿਆ ਸੰਗੀਤ ਭੀ ਵਾਰ ਵਾਰ ਰਿਕਾਰਡ ਵਜਾਕੇ ਸੁਣਿਆਂ ਅਤੇ ਇਸ ਦੀ ਭਾਈ ਸੰਤਾ ਸਿੰਘ ਜੀ ਦੇ ਰਿਕਾਰਡਾਂ ਨਾਲ ਸਮਾਨਤਾ ਪਰਖੀ।

ਫ਼ਿਲਮ ਖ਼ਜ਼ਾਨਚੀ ਵਿੱਚ ਗ਼ੁਲਾਮ ਹੈਦਰ ਨੇ ਸੰਗੀਤ ਦਿੱਤਾ ਸੀ। ਉਸ ਫ਼ਿਲਮ ਵਿੱਚ ਨੂਰਜਹਾਂ ਦੇ ਗਾਏ ਹੋਏ ਗੀਤ "ਤੂੰ ਕੌਨ ਸੀ ਬਦਲੀ ਮੇਂ ਮੇਰੇ ਚਾਂਦ ਹੈ ਆ ਜਾ" ਅਤੇ "ਮੇਰੇ ਲੀਏ ਜਹਾਨ ਮੇਂ ਚੈਨ ਹੈ ਨਾ ਕਰਾਰ ਹੈ" ਦੇ ਪਰੀਲਿਊਡ ਅਤੇ ਇੰਟਰਲਿਊਡ ਨੂੰ ਧਿਆਨ ਨਾਲ ਸੁਣਿਆਂ ਪਤਾ ਲਗਦਾ ਹੈ ਕਿ ਭਾਈ ਸੰਤਾ ਸਿੰਘ ਜੀ ਦੇ ਗਾਏ ਸਬਦ "ਜਲ ਜਾਸੀ ਢੋਲਾ ਹੱਥ ਨਾ ਲਾਈਂ ਕੁਸੰਭੜੇ" ਦੇ ਪਰੀਲਿਊਡ ਅਤੇ ਇੰਟਰਲਿਊਡ ਯਕਸਾਂ ਹਨ, ਸ਼ੈਲੀ ਇੱਕ ਹੈ ਪਰਭਾਵ ਯਕਸਾਂ ਹਨ।

ਇਹ ਭੀ ਪਤਾ ਲੱਗਿਆ ਹੈ ਕਿ ਮਾਸਟਰ ਗ਼ੁਲਾਮ ਹੈਦਰ ਇੱਕ ਕੀਰਤਨੀਏ ਪਰਿਵਾਰ ਦੇ ਲਖਤੇਜਿਗਰ ਸਨ। ਇਸ ਸਬੰਧੀ ਤਜ਼ਿਕਰਾ ਬਾਦ, ਵਿੱਚ ਕਿਸੇ ਲੇਖ ਵਿੱਚ ਕਰਾਂਗੇ। ਪਰ ਐਨਾ ਇੱਥੇ ਕਹਿਣਾ ਬਿਲਕੁਲ ਜਾਇਜ਼ ਹੈ ਕਿ ਭਾਈ ਸੰਤਾ ਸਿੰਘ ਜੀ ਅਤੇ ਮਾਸਟਰ ਗ਼ੁਲਾਮ ਹੈਦਰ ਦੇ ਤਆਵੁਨ ਦਾ ਨਤੀਜਾ ਬੜਾ ਕਾਰਗਰ ਰਿਹਾ ਹੈ। ਸਿੱਖ ਜਗਤ ਇਨ੍ਹਾਂ ਦੋ ਮਹਾਨ ਸੰਗੀਤਕਾਰਾਂ ਦੇ ਆਪਸੀ ਤਆਵੁਨ ਦਾ ਬਹੁਤ ਆਭਾਰੀ ਹੈ। ਇਨ੍ਹਾਂ ਨੇ ਸਿੱਖ ਜਗਤ ਨੂੰ ਨਾਯਾਬ ਗੁਰਮਤਿ ਸੰਗੀਤ ਦੀ ਭੇਟ ਦਿੱਤੀ ਹੈ।


**ਮਾਤਾ ਗੁਜਰੀ ਬਿਰਧ ਘਰ ਅਤੇ ਅਨਾਥ ਆਸ਼ਰਮ**

(ਵਲੋਂ ਨਿਸ਼ਕਾਮ ਸਿੱਖ ਵੈਲਫੇਅਰ ਕੌਂਸਿਲ)

ਗਿੱਲ ਫਾਰਮ, ਪਿੰਡ ਖਾਨਪੁਰ, ਖਰੜ, ਰੋਪੜ – ਫੋਨ : 91845741, 91845730

ਏਥੇ 25 ਬਜ਼ੁਰਗਾਂ ਤੇ 25 ਅਨਾਥ ਜਾਂ ਗਰੀਬ ਬੱਚਿਆਂ ਦੀ ਸੇਵਾ ਸੰਭਾਲ ਦਾ ਪ੍ਰਬੰਧ ਬੜੇ ਸੁੱਚਜੇ ਤਰੀਕੇ ਨਾਲ ਕੀਤਾ ਗਿਆ ਹੈ।

ਲੋੜਵੰਦ ਸਿੱਧੇ ਜਾਂ ਹੇਠ ਲਿਖੇ ਪਤੇ ਤੇ ਸੰਪਰਕ ਕਰੋ :-

ਸ. ਹਰੀ ਸਿੰਘ, 307, ਸੈਕਟਰ 35-ਏ, ਚੰਡੀਗੜ੍ਹ ਫੋਨ : 601947

# ਰਾਗ ਮਲ੍ਹਾਰ (ਮੀਆਂ ਮਲ੍ਹਾਰ)

ਪ੍ਰਿੰਸੀਪਲ ਦਿਆਲ ਸਿੰਘ

ਵਾਦੀ-ਸ | ਠਾਟ-ਕਾਫੀ | ਸਮਾਂ-ਅੱਧੀ ਰਾਤ (ਵਰਖਾ ਰੁਤ ਵਿਚ ਹਰ ਸਮੇਂ)
ਸੰਵਾਦੀ-ਪ | ਜਾਤੀ-ਵੱਕ੍ਰ-ਸੰਪੂਰਣ | ਵਿਸ਼ੇਸ਼-ਗੰਧਾਰ-ਧੈਵਤ ਅੰਦੋਲਿਤ ਅਤੇ ਦੋਵੇਂ ਨਿਖਾਦ ਸਾਥ-ਸਾਥ ਵੀ ਲਗਦੇ ਹਨ।

ਮ
ਆਰੋਹ-ਸ, ਨ਼ੁਧ਼, ਨ਼ੁਧ਼, ਨ਼ਸ, ਰ ਪ, ਨੁਧ ਨੁਧ ਨਸਂ।

ਧ਼ ਮ ਮ
ਅਵਰੋਹ-ਸਂ ਨੁਪ, ਮਪ ਗੁ, ਗੁ, ਮ ਰ, ਸ।

ਧ਼ ਮ ਮ ਮ
ਪਕੜ- ਨ਼ਸ, ਰਸ, ਨ਼ੁ-ਪ਼, ਮ਼ ਪ਼ ਨ਼ੁ-ਧ਼, ਨ਼ੁ-ਧ਼ ਨ਼ ਸ, ਰ ਪ, ਗੁ ਗੁ ਗੁ ਮ ਰ, ਸ।

ਮਲ੍ਹਾਰ ਬਹੁਤ ਪ੍ਰਸਿੱਧ ਤੇ ਪੁਰਾਤਨ ਰਾਗ ਹੈ ਅਤੇ ਸੰਗੀਤ ਗ੍ਰੰਥਾਂ ਵਿਚ ਇਸ ਦੇ 15-16 ਪ੍ਰਕਾਰ ਲਿਖੇ ਹਨ। ਜਿਵੇਂ :-ਸ਼ੁੱਧ ਮਲ੍ਹਾਰ, ਗੌਂਡ ਮਲ੍ਹਾਰ, ਮੀਆਂ ਮਲ੍ਹਾਰ, ਸੂਰ ਮਲ੍ਹਾਰ, ਮੇਘ ਮਲ੍ਹਾਰ, ਨਟ ਮਲ੍ਹਾਰ, ਜਯੰਤ ਮਲ੍ਹਾਰ, ਸੋਰਠ ਮਲ੍ਹਾਰ, ਰੂਪਮੰਜਰੀ ਮਲ੍ਹਾਰ, ਰਾਮਦਾਸੀ ਮਲ੍ਹਾਰ, ਘੂੰਡੀਆ ਮਲ੍ਹਾਰ, ਚਾਰਜੂ ਕੀ ਮਲ੍ਹਾਰ, ਮੀਰਾਂ ਬਾਈ ਕੀ ਮਲ੍ਹਾਰ ਇਤਿਆਦਿ। ਪਰ ਇਨ੍ਹਾਂ ਵਿਚੋਂ ਮੀਆਂ ਮਲ੍ਹਾਰ, ਗੌਂਡ ਮਲ੍ਹਾਰ, ਸੂਰ ਮਲ੍ਹਾਰ ਅਤੇ ਮੇਘ ਮਲ੍ਹਾਰ ਹੀ ਅਧਿਕ ਸੁਣਨ ਵਿਚ ਆਉਂਦੇ ਹਨ: ਅਸਾਂ ਇਥੇ ਕੇਵਲ ਮਲ੍ਹਾਰ (ਮੀਆਂ ਮਲ੍ਹਾਰ ਦਾ ਹੀ ਵੇਰਵਾ ਦਿਤਾ ਹੈ।

ਕਿਹਾ ਜਾਂਦਾ ਹੈ ਕਿ ਇਸ ਰਾਗ ਦੀ ਰਚਨਾ ਤਾਨਸੇਨ ਨੇ ਕੀਤੀ ਸੀ। ਜਿਵੇਂ-ਮੀਏਂ ਕੀ ਸਾਰੰਗ, ਮੀਏਂ ਕੀ ਟੋਡੀ, ਮੀਏਂ ਕੀ ਮਲ੍ਹਾਰ, ਇੰਜ ਦੋ ਚਾਰ ਐਸੇ ਰਾਗ ਹਨ ਜਿਨ੍ਹਾਂ ਨਾਲ ਮੀਆਂ ਲਕਬ ਜੁੜਿਆ ਹੋਇਆ ਹੈ। ਪਰ ਪ੍ਰਾਚੀਨ ਸੰਗੀਤ ਗ੍ਰੰਥਾਂ ਵਿਚ ਐਸਾ ਕੋਈ ਉਲੇਖ ਨਹੀਂ ਮਿਲਦਾ ਜਿਸ ਤੋਂ ਇਹ ਪਤਾ ਚੱਲੇ ਕਿ ਇਸ ਦੇ ਰਚਤਾ ਤਾਨਸੇਨ ਹੀ ਸਨ।

ਗਵਾਲੀਅਰ ਘਰਾਣੇ ਦੇ ਸੰਗੀਤਕਾਰ ਕ੍ਰਿਸ਼ਨ ਰਾਵ ਸ਼ੰਕਰ ਪੰਡਿਤ ਅਤੇ ਸ੍ਰੀ ਵਿਨਾਯਕ ਰਾਵ 'ਪਟਵਰਧਨ' ਨੇ ਇਸ ਨੂੰ ਕੇਵਲ ਰਾਗ ਮਲ੍ਹਾਰ ਲਿਖਿਆਹੈ। ਪੰਜਾਬ ਪ੍ਰਾਂਤ ਦੇ ਗਾਇਕ (ਰਾਗੀ-ਰਬਾਬੀ) ਭੀ ਇਸ ਨੂੰ ਮਲ੍ਹਾਰ ਹੀ ਆਖਦੇ ਹਨ। ਪਰ ਆਧੁਨਿਕ ਸਮੇਂ ਦੇ ਗਾਇਕ ਅਕਸਰ ਇਸ ਨੂੰ 'ਮੀਆਂ ਮਲ੍ਹਾਰ' ਹੀ ਕਹਿੰਦੇ ਹਨ।

ਇਸ ਰਾਗ ਦੀ ਉਤਪਤੀ ਕਾਫੀ ਠਾਟ ਤੋਂ ਮੰਨੀ ਗਈ ਹੈ। ਇਸ ਦੀ ਜਾਤੀ ਵੱਕ੍ਰ-ਸੰਪੂਰਣ ਹੈ। ਪਰ ਕੋਈ ਸੰਪੂਰਣ-ਖਾਡਵ ਤੇ ਕੋਈ ਖਾਡਵ-ਸੰਪੂਰਣ ਮੰਨਦਾ ਹੈ। ਉਂਜ ਇਸ ਦੇ ਆਰੋਹ ਵਿਚ 'ਗੰਧਾਰ' ਤੇ ਅਵਰੋਹ ਵਿਚ 'ਧੈਵਤ' ਸੁਰ ਘਟ ਲਾਈਦੇ ਹਨ। ਭਾਵ, ਇਨ੍ਹਾਂ ਸੁਰਾਂ ਨੂੰ ਵਕ੍ਰ ਕਰਕੇ ਹੀ ਲਾਉਣਾ ਪੈਂਦਾ ਹੈ।

ਮ ਧ ਧ ਧ
ਜਿਵੇਂ-"ਸ ਮ ਰ ਪ, ਮਪ ਗੁ ਮ ਰ, ਸ ਅਤੇ ਸਂ, ਨੁ ਪ: ਮਪ ਨੁ ਨੁਪ" ਇਸ ਦੇ ਵਾਦੀ-ਸੰਵਾਦੀ ਸੰਬੰਧੀ ਵੀ ਥੋੜਾ ਮਤ-ਭੇਦ ਹੈ। ਜਿਵੇਂ-ਕੋਈ ਵਾਦ-ਸੰਵਾਦ 'ਮ-ਸ' ਤੇ ਕੋਈ 'ਪ-ਸ' ਮੰਨਦਾ ਹੈ। ਪਰ ਇਸ ਦਾ ਵਾਦੀ ਖੜਜ ਤੇ ਸੰਵਾਦੀ ਪੰਚਮ ਹੀ ਅਧਿਕ ਸੰਗਤਿ-ਯੁਕਤ ਰਹੇਗਾ। ਗਾਉਣ ਦਾ ਸਮਾਂ ਰਾਤੀਂ ਪਰ ਅਧਿਕਤਰ ਇਸ ਨੂੰ ਵਰਖਾ ਰੁਤ ਵਿਚ ਹੀ ਗਾਉਂਦੇ ਬਜਾਉਂਦੇ ਹਨ।

ਇਸ ਰਾਗ ਮਲ੍ਹਾਰ ਤੇ ਕਾਨੜੇ ਦਾ ਸੁਮੇਲ ਹੈ। ਭਾਵ, ਇਸ ਦੇ ਆਰੋਹ ਵਿਚ ਮਲ੍ਹਾਰ ਤੇ ਅਵਰੋਹ ਵਿਚ ਕਾਨੜਾ ਰਾਗ ਦੀ

ਧ ਧ
ਛਾਇਆ ਦਿਖਾਈ ਦਿੰਦੀ ਹੈ। ਜਿਵੇਂ-"ਸ, ਮ, ਰ ਪ, ਨੁ-ਨੁ-ਧਨ ਸਂ,

ਧ ਮ ਮ ਮ
ਅਤੇ ਸ ਨੁ ਪ, ਮ ਪ ਗੁ ਗੁ ਗੁ ਮ ਰ, ਸ"। ਇਸ ਰਾਗ ਵਿਚ ਗੰਧਾਰ ਤੇ ਧੈਵਤ ਦੋਹਾਂ ਤੇ ਅੰਦੋਲਿਤ ਦੀ ਗੱਮਗਤਾ ਦਾ ਪ੍ਰਯੋਗ ਹੁੰਦਾ ਹੈ। ਇਹੋ ਸੁਰ ਰਾਗ ਦੇ ਸਰੂਪ ਨੂੰ ਪ੍ਰਗਟ ਕਰਦੇ ਹਨ। ਇਸ ਵਿਚ ਕਈ ਵੇਰ

ਧ ਧ ਧ ਨ ਧ
ਦੋਵੇਂ ਨਿਖਾਦ ਸਾਥ-ਸਾਥ ਲਗਾਏ ਜਾਂਦੇ ਹਨ। ਜਿਵੇਂ-"ਮਪ ਨੁਧ ਨੁ ਨ, ਸਂ (ਸਂ) ਨੁ ਨੁ ਪ"। ਮਲ੍ਹਾਰ ਦੀ ਇਹ ਖਾਸ ਵਿਸ਼ੇਸ਼ਤਾ ਹੈ।

ਧ਼ ਧ਼ ਧ਼ ਮ ਮ ਮ ਮ
ਮਲ੍ਹਾਰ ਦੇ ਪੂਰਵਾਂਗ ਵਿਚ "ਸ, ਨ਼ਸਰ ਨ਼ੁ, ਨ਼ੁ, ਨ਼ੁ ਪ਼, ਮ਼ ਪ਼ , ਨ਼ੁ-ਧ਼ ਨੁਧ਼ਨ਼, ਸ-ਰਪ, ਗੁ ਗੁ ਗੁ

ਧ ਸਂ ਧ ਧ ਮ ਮ ਮ
(ਮ) ਰ, ਸ, ਅਤੇ ਉਤ੍ਰਾਂਗ ਵਿਚ ਮ ਪ ਨੁਧ ਨੁਧ ਨ, ਸਂ-ਨ ਸਂ ਨੁ-ਨੁ ਪ, ਮਪ ਗੁ ਗੁ ਗੁ ਮ ਰ, ਸ" ਇਹ ਸੁਰ ਬਾਰ ਬਾਰ ਦਿਖਾਈ ਦਿੰਦੇ ਹਨ।

ਵਿਦਿਆਰਥੀ ਮਲਾਰ ਦੇ ਇਨ੍ਹਾਂ ਹਿਸਿਆਂ ਨੂੰ ਕਿਸੇ ਉਸਤਾਦ ਤੋਂ ਚੰਗੀ ਤਰ੍ਹਾਂ ਸਮਝ ਕੇ ਸਿੱਖ ਲੈਣ। ਕਿਉਂਕਿ ਦਰਬਾਰੀ, ਅਡਾਣਾ, ਟੋਡੀ, ਮੁਲਤਾਨੀ, ਮਲਾਰ ਆਦਿ ਐਸੇ ਰਾਗ ਹਨ ਜਿਨ੍ਹਾਂ ਨੂੰ ਵਾਜੇ (ਹਾਰਮੋਨੀਅਮ) ਦੀਆਂ ਸੁਰਾਂ ਤੇ ਸ਼ੁਧ ਨਹੀਂ ਗਾਇਆ ਜਾ ਸਕਦਾ।

ਇਹ ਰਾਗ ਭਾਵੇਂ ਤਿੰਨਾਂ ਸਪਤਕਾਂ ਵਿਚ ਗਾਇਆ ਜਾਂਦਾ ਹੈ। ਪਰ ਇਸ ਦਾ ਰੂਪ ਮੰਦ੍ਰ ਤੇ ਮੱਧ ਸਪਤਕ ਵਿਚ ਹੀ ਅਧਿਕ ਨਿਖਰਦਾ ਹੈ। ਇਹ ਪੂਰਵਾਂਗ ਵਾਦੀ ਤੇ ਆਲਾਪ ਪ੍ਰਧਾਨ ਰਾਗ ਮੰਨਿਆ ਗਿਆ ਹੈ। ਇਸ ਨੂੰ ਚੰਗੇ ਗਾਇਕ ਹੀ ਅਕਸਰ ਗਾਉਂਦੇ ਹਨ। ਇਹ ਬਹੁਤ ਉੱਤਮ, ਮਧੁਰ ਤੇ ਭਗਤੀ ਰਸ ਰਾਗ ਹੈ। ਇਸ ਨੂੰ ਸਾਰੇ ਮਲਾਰਾ ਦਾ ਸਰਦਾਰ ਮੰਨਿਆ ਗਿਆ ਹੈ।

### ਰਾਗ ਮਲ੍ਹਾਰ (ਮੀਆਂ ਮਲ੍ਹਾਰ), ਤਿੰਨਤਾਲ (ਮੱਧਯ ਲਯ)

#### ਅਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| O | | | | ੩ | | | | X | | | | ੨ | | | |
| ਨ | | ਧ | | | | ਮ | | | | ਮ | ਮ | ਮ | | | |
| ਸਂ | ਸਂ | ਨੁ | ਪ | ਮ | ਪ | ਰ | - | ਪ | ਪ | ਗੁ | ਗੁ | ਗੁ | ਮ | ਰ | ਸ |
| ਘ | ਨ | ਗ | ਰ | ਜ | ਤ | ਗੋ | s | ਬਿੰ | ਦ | ਰੂ | s | s | s | s | ਪ, |
| ਨ਼ | ਸ | ਮ | - | ਰ | ਰ | ਸ | ਸ | ਮ | ਪ | ਧਨ | ਸਂਰਂ | ਨਸਂ | - | ਧਨੁ | ਪ |
| ਗੁ | ਨ | ਗਾ | s | ਵ | ਤ | ਸੁ | ਖ | ਚੈ | s | ss | ss | ss | s | ss | ਨ |

#### ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਮ | | | | ਧ | | ਸਂ | | | | | | | | | |
| ਪ | ਮ | ਮ | ਮ | ਨੁ | ਧ | ਨ | - | ਸਂ | ਸਂ | - | ਸਂ | ਨ | - | ਸਂ | ਸਂ |
| ਹਰਿ, | ਚ | ਰ | ਨ | ਸ | ਰ | ਨ | s | ਤ | ਰ | s | ਨ | ਸਾ | s | ਗ | ਰ |
| | | | | ਮ | | | | ਨ | | | | | | ਧ | |
| - | ਰਂ | ਰਂ | ਰਂ | ਗੁਂ | ਮਂ | ਰਂ | ਸਂ | ਸਂ | - | - | - | ਨਸਂ | ਰਂਸਂ | ਨੁ | ਪ |
| s | ਧੁ | ਨਿ | ਅਨ | ਹ | ਤਾ | ਰ | ਸ | ਬੈ | s | s | s | ss | ss | s | ਨ |

–ਸ਼ਬਦ ਦੀਆਂ ਬਾਕੀ ਤੁਕਾਂ ਅੰਤਰੇ ਤੇ ਲਾਓ।

## ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

| ਮਲਾਰ ਮਹਲਾ ੫॥ | Malar 5th Guru. | ਮਲਾਰ ਪੰਜਵੀਂ ਪਾਤਿਸ਼ਾਹੀ। |
|---|---|---|
| ਘਨੁ ਗਰਜਤ ਗੋਬਿੰਦ ਰੂਪ। | The Guru, the embodiment of God, roars like the cloud. | ਵਾਹਿਗੁਰੂ ਸਰੂਪ, ਗੁਰੂ ਜੀ, ਬੱਦਲ ਦੀ ਤਰ੍ਹਾਂ ਗੱਜਦੇ ਹਨ। |
| ਗੁਨ ਗਾਵਤ ਸੁਖ ਚੈਨ॥੧॥ ਰਹਾਉ॥ | He sings the Lord's praise and so is in peace and bliss. Pause. | ਉਹ ਪ੍ਰਭੂ ਦਾ ਜੱਸ ਗਾਇਨ ਕਰਦੇ ਹਨ ਤੇ ਐਸ ਤਰ੍ਹਾਂ ਆਰਾਮ ਤੇ ਅਨੰਦ ਵਿਚ ਹਨ। ਠਹਿਰਾਉ। |
| ਹਰਿ ਚਰਨ ਸਰਨ ਤਰਨ ਸਾਗਰ ਧੁਨਿ ਅਨਹਤਾ ਰਸ ਬੈਨ॥੧॥ | The refuge of God's feet ferries man across the world ocean and the Guru's ambrosial word is the unstruck melody. | ਵਾਹਿਗੁਰੂ ਦੇ ਪੈਰਾਂ ਦੀ ਸ਼ਰਣਾਗਤ ਮਨੁਸ਼ ਨੂੰ ਸੰਸਾਰ ਸੰਮੁਦਰ ਤੋਂ ਪਾਰ ਕਰ ਦਿੰਦੀ ਹੈ ਤੇ ਗੁਰਾਂ ਦੀ ਅੰਮ੍ਰਿਤਮਈ ਬਾਣੀ ਇਕ ਰਸ ਹੋਣ ਵਾਲਾ ਕੀਰਤਨ ਹੈ। |
| ਪਥਿਕ ਪਿਆਸ ਚਿਤ ਸਰੋਵਰ ਆਤਮ ਜਲੁ ਲੈਨ॥ | The thirsty way-farer's mind is attached to the Guru-Tank to obtain the spiritual water. | ਤਿਹਾਏ ਰਾਹੀ ਦਾ ਮਨ ਰੂਹਾਨੀ ਪਾਣੀ ਪਰਾਪਤ ਕਰਨ ਲਈ ਗੁਰੂ-ਤਾਲਾਬ ਦੇ ਨਾਲ ਜੁੜਿਆ ਹੋਇਆ ਹੈ। |
| ਹਰਿ ਦਰਸ ਪ੍ਰੇਮ ਜਨ ਨਾਨਕ ਕਰਿ ਕਿਰਪਾ ਪ੍ਰਭ ਦੈਨ॥ ੨॥੭॥੨੯॥ (੧੨੭੩) | Slave Nanak loves to see the Lord's vision and the Lord, in His mercy, has blessed, him with it. | ਗੋਲੇ ਨਾਨਕ ਦਾ ਪ੍ਰਭੂ ਦੇ ਦਰਸ਼ਨ ਵੇਖਣ ਨਾਲ ਪਿਆਰ ਹੈ ਅਤੇ ਪ੍ਰਭੂ ਨੇ, ਆਂਪਣੀ ਰਹਿਮਤ ਦੁਆਰਾ ਉਸ ਨੂੰ ਇਸ ਦੀ ਦਾਤ ਬਖ਼ਸ਼ ਦਿਤੀ ਹੈ। |

# ਰਾਗ ਭੈਰਉ ਬੰਦਨਾ (ਬਿਲੰਬਿਤ ਏਕ ਤਾਲ)

ਥਾਟ-ਭੈਰਵ, ਵਾਦੀ ਧੈਵਤ, ਸੰਵਾਦੀ-ਰਿਸ਼ਭ
ਅਰੋਹ-ਸਾ ਰੇ ਗ ਮ, ਪ ਧੁ, ਨੀ ਸਾਂ
ਅਵਰੋਹ-ਸਂ ਨੀ ਧੁ, ਪ ਮ ਗ, ਰੇ ਸਾ
ਪਕੜ- ਸ, ਗ, ਮ ਪ, ਧੁ ਪ

| | | | | | | | | | | | |
|---|---|---|---|---|---|---|---|---|---|---|---|
| ਧੁਨੀ | ਸਸ ਗਮ | ਰੇ- ਸਸ | ਗਗ ਮਮ | ਧੁ- ਧੁਧੁ | ਪ- ਪ- | ਗਮ ਪਧੁ | ਨੀ- ਸਂਸਂ | ਰੇਂ- ਸਂ- | ਸਂਸਂ ਨੀਧੁ | ਪ- ਪਪ |
| ਸਿਰੀ | ਵਾਹਿ ਗੁਰੂ | ਜੀS Sਡ | ਡਓਤ ਬੰਦਨ | ਅS ਨਕ | ਬਾS ਰS | ਸਰ ਬਕ | ਲਾS ਸਮ | ਰS ਥS | ਡੋਲਨ ਤੇਰਾ | ਖਹS ਪ੍ਰਭੂ |
| | 4 | X | 0 | 2 | 0 | 3 | 4 | X | 0 | 2 |

| | | | | | | | | | |
|---|---|---|---|---|---|---|---|---|---|
| ਗਮ ਪਧੁ | ਨੀਨੀ ਸਂਸਂ | ਸਰੇਂ ਗਮਂ | ਰੇਂ- ਸਂਸਂ | ਰੇਂਰੇਂ ਸਂਸਂ | ਨੀਧੁ ਪ,ਧੁਨੀ | ਸਂਸਂ ਨੀਧੁ | ਪਪ ਮ,ਗਮ | ਪਪ ਗ,ਗਮ | ਰੁ- ਸ- |
| ਨਾ SS | ਨਕ ਦੇਕ | ਰS ਹS | ਥS Sਅ | ਨੰਦਗੁ ਣੀਨਿ | ਧਾS ਨSS | ਗੁਰੂਗ ਗੀਬਨਿ | ਵਾਜਗ, ਗੀ,ਬਨਿ | ਵਾਜਗ ਗੀ,ਬਨਿ | ਵਾS ਜS |
| 0 | 3 | 4 | X | 0 | 2 | 0 | 3 | 4 | X |

ਅਮਰਜੀਤ ਸਿੰਘ (ਸੰਗੀਤ ਪ੍ਰੋ:)
ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ
ਤਲਵੰਡੀ ਸਾਬੋ (ਬਠਿੰਡਾ)
ਰੋਲ ਨੰ 1919-ਡਿਪਲੋਮਾ ਗੁਰਮਤਿ ਸੰਗੀਤ

# ਗੁਰਮਤਿ ਸੰਗੀਤ ਸਟੂਡੈਂਟ ਫੋਰਮ ਦੀ ਸਥਾਪਨਾ

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਡਿਪੋਲਮਾ ਇਨ ਗੁਰਮਤਿ ਸੰਗੀਤ ਦਾ ਨਿਜੀ ਸੰਪਰਕ ਕੋਰਸ 13-7-1998 ਤੋਂ 18-7-1998 ਲਗਾਇਆ ਗਿਆ। ਇਥੇ ਵਿਦਿਆਰਥੀਆਂ ਨੇ ਮੀਟਿੰਗ ਕਰਕੇ ਇੱਕ ਗੁਰਮਤਿ ਸੰਗੀਤ ਸਟੂਡੈਂਟ ਫੋਰਮ ਦੀ ਸਥਾਪਨਾ ਕੀਤੀ। ਇਸ ਦੇ ਅਹੁਦੇਦਾਰਾਂ ਦੇ ਨਾਮ ਹੇਠ ਲਿਖੇ ਅਨੁਸਾਰ ਹਨ।

ਪ੍ਰਧਾਨ:- ਸੁਖਵੰਤ ਸਿੰਘ (ਰੋਲ ਨੰ 1936) ਗੁਰਦੁਆਰਾ ਗੁਰੂ ਗਿਆਨ ਪ੍ਰਕਾਸ਼ ਸਾਹਿਬ, ਜਵੱਦੀ ਕਲਾਂ, ਲੁਧਿਆਣਾ, ਫੋਨ: 561597/562671
ਮੀਤ ਪ੍ਰਧਾਨ:- ਹਰਭਜਨ ਸਿੰਘ (ਰੋਲ ਨੰ 1911) ਐਚ. ਐਮ. 74, ਫੇਜ਼-3B-1, ਮੁਹਾਲੀ ਜ਼ਿਲਾ ਰੋਪੜ। ਫੋਨ: 220474/678064

ਜਨਰਲ ਸਕੱਤਰ:- ਡਾ. ਦਰਸ਼ਨ ਸਿੰਘ ਰੋਲ ਨੰ (1910) ਐਫ਼-17, ਪੰਜਾਬੀ ਯੂਨੀਵਰਸਿਟੀ ਕੈਂਪਸ, ਪਟਿਆਲਾ।
ਫੋਨ: 675033

ਮੀਤ ਸਕੱਤਰ:- ਬੀਬੀ ਸੁਰਿੰਦਰ ਕੌਰ (ਰੋਲ ਨੰ 1926) ਮਕਾਨ 210/2. ਚਾਹਲ ਸਟਰੀਟ, ਤਵੱਕਲੀ ਮੋੜ, ਪਟਿਆਲਾ।
ਖਜ਼ਾਨਚੀ :- ਸ੍. ਜਬਰਜੰਗ ਸਿੰਘ (ਰੋਲ ਨੰ 1902) ਮਕਾਨ ਨੰ 204-A, ਗਲੀ ਨੰ: 3, ਅਬਚਲ ਨਗਰ, ਪਟਿਆਲਾ। ਫੋਨ: 217787/223128

ਮੈਂਬਰ:- ਅਮਰਜੀਤ ਸਿੰਘ ਰੋਲ ਨੰ: 1919 /ਰਵਿੰਦਰ ਸਿੰਘ ਰੋਲ ਨੰ: 1916, ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ ਤਲਵੰਡੀ ਸਾਬੋ ਜ਼ਿਲਾ ਬੰਠਿੰਡਾ। ਫੋਨ: 27341
ਰੋਲ ਨੰ: 1922 ਸ੍- ਗੁਰਤੇਜ ਸਿੰਘ C/o ਸ੍. ਹਰਜਿੰਦਰ ਸਿੰਘ ਦਸ਼ਮੇਸ ਕਲੋਨੀ, ਗਲੀ ਨੰ-1, ਨਾਭਾ ਜ਼ਿਲਾ ਪਟਿਆਲਾ।
ਰੋਲ ਨੰ: 1923 ਬੀਬੀ ਜਸਵਿੰਦਰ ਕੌਰ C/o ਸ੍ ਸਤਵਿੰਦਰ ਸਿੰਘ ਪਿੰ. ਕੁੰਡਲੀਆ, ਡਾ. ਗੜ੍ਹਦੀਵਾਲਾ ਜ਼ਿਲਾ ਗੁਰਦਾਸਪੁਰ।
ਰੋਲ ਨੰ: 1914 ਗੁਰਨਾਮ ਸਿੰਘ ਸਪੁਤਰ ਸ੍. ਦਲੀਪ ਸਿੰਘ ਮਕਾਨ ਨੰ: 1323/25 ਗਲੀ ਨੰ-3, ਬਾਬਾ ਬੁੱਢਾ ਜੀ ਨਗਰ ਡਾ. ਦਕੋਹਾ ਜ਼ਿਲਾ ਜਲੰਧਰ। ਫੋਨ : 263280
ਰੋਲ ਨੰ: 1949 ਹਰਬੰਸ ਸਿੰਘ ਸਪੁਤਰ ਸ੍. ਕਿਰਪਾਲ ਸਿੰਘ ਵੀ ਪੀ ਓ ਮੂਨਕ, ਤਹਿ ਨਿਹਾਲ ਸਿੰਘ ਵਾਲਾ ਜ਼ਿਲਾ ਮੋਗਾ।
ਫੋਨ: 48277
ਰੋਲ ਨੰ: 1935 ਗੁਰਦੇਵ ਸਿੰਘ ਗੁਰਦੁਆਰਾ ਗੁਰਗਿਆਨ ਪ੍ਰਕਾਸ਼ ਸਾਹਿਬ, ਜਵੱਦੀ ਕਲਾਂ, ਲੁਧਿਆਣਾ।
ਫੋਨ: 561597/562671
ਰੋਲ ਨੰ: 1924 ਰੁਪਿੰਦਰ ਕੌਰ C/oਸ੍. ਛਿੰਦਰਪਾਲ ਸਿੰਘ ਸਪੁਤਰ ਨਿਹਾਲ ਸਿੰਘ ਪਿੰਡ ਤੇ ਡਾ. ਰੋਮਾਣਾ ਅਜੀਤ ਸਿੰਘ ਜ਼ਿਲਾ ਫਰੀਦਕੋਟ।
ਰੋਲ ਨੰ: 1930 ਹਰਵਿੰਦਰ ਸਿੰਘ ਸਪੁਤਰ ਸ੍. ਤਰਸੇਮ ਸਿੰਘ ਪਿੰਡ ਚਾਵਾ, ਡਾ. ਪੁਲਤਿਪਰੀ ਜ਼ਿਲਾ ਗੁਰਦਾਸਪੁਰ।
**ਫੋਰਮ ਦਾ ਦਫਤਰ :- F-17, ਪੰਜਾਬੀ ਯੂਨੀਵਰਸਿਟੀ ਕੈਂਪਸ, ਪਟਿਆਲਾ।**

# ਸੰਗੀਤ - ਲਿਪੀ - ਚਿੰਨ੍ਹ

| | |
|---|---|
| ਪ | ਜਿਨ੍ਹਾਂ ਸੁਰਾਂ ਦੇ ਉੱਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮੱਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ। |
| ਧੁ | ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ ; ਪਰ ਕੋਮਲ ਮਧਿਅਮ ਉੱਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ। ਹਰਮੋਨੀਅਮ ਦੇ ਸੁਰ ਨੰ: 2, 4, 9, 11 ਕੋਮਲ ਸੁਰ ਹਨ। |
| ਮ̣' | ਇਹ ਤੀਬਰ ਮਧਿਅਮ ਹੈ। ਸੁਰ ਨੰ: 7 ਤੀਬਰ ਮਧਿਅਮ ਹੈ। |
| .ਪ/.ਧ | ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ। |
| ਸਂ/ਪਂ | ਜਿਨ੍ਹਾਂ ਸੁਰਾਂ ਦੇ ਉੱਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ। |
| ਪ- | ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ(-) ਹਨ ਉਸ ਨੂੰ ਉਤਨੀਆਂ ਮਾਤਰਾਂ ਤੱਕ ਗਾਉਣਾ ਹੈ। |
| ਸ਼ਾਂs | ਜਿਸ ਅੱਖਰ ਅੱਗੇ ਜਿੰਨੇ s ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ। |
| ਧਪ | ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿੱਚ ਗਾਉਣਾ ਹੈ। |
| ਮਪ | ਜਿਹੜਾ ਸੁਰ ਕਿਸੇ ਸੁਰ ਦੇ ਉੱਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ। |

X O 1 2 3 Xਸਮ, O ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ।



# ਗੁਰਮੁਖ ਢੂਢ ਢੂਢੇਦਿਆਂ

## (Free Matrimonial Service)

❑: Suitable Female Match for a Ramgarhia Sikh computer Engineer in USA (5' 8", 29) Father retired Engineer Central Govt. Mother Educated House wife. One brother one sister, both Married and well settled contact ***Box No 34***

❑: Suitable Male match for convent Educated, B. Com, B. Ed, Teacher in convent School, 5' 6", 30 contact ***Box 0035***

❑: Suitable Amritdhari Match for a 35, 165 cm. Arora Girl, M.Sc, B.Ed, Chandigarh, B.Sc Hons, New Delhi, Post Graduate Teacher, in Delhi, Drawing Handsome Salary, ELDERS from Dist Sialkot, Contact ***Box 0036***

❑: Suitable Match for a Teetotaller Non-Trimmer Gursikh (25, 5' 10") BFA working as Art Executive, at Punwire, Mohali, Salary 8500. Contact ***Box 0037***

❑ Well Established Teetotaller Sikh Match for a Homely, Bharij, Graduate girl, (29, 4' 9") one sister, No brothers. Father private service. Contact. ***Box. 0038***

❑ Suitable Match For a Labana Sikh Nurse, (24, 5'1") +2 and Diploma GNM from Patiala, at present serving PGI, salary Rs. 9000/- Contact ***Box-0039.***

❑ Suitable Non trimmer, Teetotaller, Sikh (Arora/Khatri) preferably graduate and Govt. Service, of well settled in Business Match for Arora Sikh girl. Slim (23$^{1/2}$ yrs, 5' 1$^{3/4}$) graduate, doing Computer Diploma final in July 98, can recite Kirtan, Parents Pensioners, Elders Hailing from Sargodha/ Lyallpur, Contact ***Box 0040.***

❑ American citizen/Immigrant for a M.Sc(Statistics) Bhullar tee-totaller Boy owning Auto Insurance Company in U.S.A.(29- 5'10"). Elder Brother, Doctor and Permanent resident of Australia/New Zealand. Contact ***Box No.0041.***

❑ Suitable Gursikh Male match for issueless divorcee (30- 5') fair complexion, affectionate, homely, Post Graduate, employed near Panchkula as teacher, father, employed Shop Supdt. Railways.Contact ***Box No. 0042***

❑ Suitable Gursikh Homely Girl for a Blind Arora Sikh Boy Tabala/Vocal B.A, serving Govt. school, Earning Rs 7000 P.m owns house. Contact. ***Box No 0046.***

❑ Suitable Arora Wellsettled Gursikh Male match for a very beautiful tall girl (5' 6$^{1/2}$", 24+) pleasing nature, convent educated, English Hons, LLB, Prectising H.C. family highly educated, well settled, ***Contact Box 0043***

❑ Amritdhari, Homely, Social, Reciting Kirtan, Female Match For a Kochar under Graduate Businessman, Running own Industry Mohali, (26+) Father, Retd. Pb. Govt 1983, ***Contact Box 0044***

❑ Suitable male match for a Lamba, Graduate, Sikh Kashyap Rajput (Mehra) (5' 4", 28) Beauticean, Diploma in Beauty Advanced Technology, Typing, Stitching, & Business Management, ***Contact BoX 0045***

❑ Professionally qualified match for fair slim Khatri Sikh girl MBBS PCMS-I, doing post graduation 29 plus/ 158 respectable Chandigarh based family. ***Contact Box 0046***

**Contact: H.B.S. Chopra 1246, Sector 22-B, Chandigarh**


ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ
ਦੀ ਇੱਕੋ-ਇੱਕ ਆਵਾਜ਼

**ਸਿੱਖ ਲੀਗ**

(ਪੰਦਰਵਾੜਾ)

2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ-8
ਫੋਨ: 5707096

'ਆਧੁਨਿਕ ਖੇਤੀ'

ਖੇਤੀਬਾੜੀ ਬਾਰੇ ਚੰਡੀਗੜ੍ਹ ਤੋਂ ਛਪਣ ਵਾਲਾ ਇਕੋ ਇੱਕ ਮਾਸਿਕ ਪੱਤਰ ਜਿਸਦੀ ਗੈਟ ਅੱਪ, ਛਪਾਈ ਅਤੇ ਕਾਗਜ਼ 'ਇੰਡੀਆਂ ਟੂਡੇ' ਦੀ ਪੱਧਰ ਦੀ ਹੈ। ਚੰਦਾ ਪ੍ਰਤੀ ਕਾਪੀ 5 ਰੁ: ਸਲਾਨਾ 50 ਰੁਪਏ, ਜੀਵਨ ਮੈਂਬਰਸ਼ਿਪ 800 ਰੁਪਏ (15 ਸਾਲ)। ਸੰਪਰਕ ਕਰੋ:

ਮੈਨੇਜ਼ਰ, ਆਧੁਨਿਕ ਖੇਤੀ
ਐਸ. ਸੀ. ਓ. 144-145, ਸੈਕਟਰ 34-ਏ,
ਚੰਡੀਗੜ੍ਹ - 160022.
ਫੋਨ : 667106 ਅਤੇ 605546

ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥ ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥ ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ॥ ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ॥ ਮਛਰ ਡੰਗ, ਸਾਇਰ ਭਰ ਸੁਭਰ, ਬਿਨੁ ਹਰਿ ਕਿਉ ਸੁਖੁ ਪਾਈਐ। ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ॥ ੧੦॥

## ਗੁਰਪੁਰਬ

| | |
|---|---|
| ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ | ੨੩ ਅਗਸਤ |
| ਪਾ. ੫ ਗੁਰਿਆਈ ਮਿਲੀ | ੨੪ ਅਗਸਤ |
| ਪਾ. ੪ ਜੋਤੀ ਜੋਤਿ ਸਮਾਏ | ੨੫ ਅਗਸਤ |

## ਦਿਨ ਦਿਹਾਰ ਤੇ ਛੁੱਟੀਆਂ

| | |
|---|---|
| ਮੇਲਾ ਬਾਬਾ ਬਕਾਲਾ ਤੇ ਰੱਖੜੀ | ੮ ਅਗਸਤ |
| ਅਜ਼ਾਦੀ ਦਿਵਸ | ੧੫ ਅਗਸਤ |
| ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ | ੧੫ ਅਗਸਤ |
| ਬਾਬੇ ਦਾ ਵਿਆਹ (ਬਟਾਲਾ) | ੨੯ ਅਗਸਤ |
| ਜਨਮ ਬਾਬਾ ਸਿਰੀ ਚੰਦ ਜੀ ਉਦਾਸੀਨ | ੩੧ ਅਗਸਤ |


**ਹਰਮੋਨੀਅਮ ਪ੍ਰਾਪਤ ਕਰੋ**

ਚੰਗੇ ਹਰਮੋਨੀਅਮ ਪ੍ਰਾਪਤ ਕਰਨ ਲਈ ਸੰਪਰਕ ਕਰੋ।

ਐਚ. ਐਮ. 74, ਫੇਜ 3 ਬੀ 1

ਮੁਹਾਲੀ

ਫੋਨ-220474


## ਅਗਸਤ **ਜੰਤਰੀ** ਭਾਦਰੋਂ 1998

| | | | |
|---|---|---|---|
| ਸੰਮਤ ਬਿਕ੍ਰਮੀ | 2055 | ਪੰਚਮੀ | 27 ਅਗਸਤ |
| ਸੰਮਤ ਨਾਨਕਸ਼ਾਹੀ | 529 | ਪੂਰਨਮਾਸ਼ੀ | 8 ਅਗਸਤ |
| ਸੰਮਤ ਖਾਲਸਾ | 299-300 | ਸੰਗ੍ਰਾਂਦ | 16 ਅਗਸਤ |
| ਸੰਮਤ ਸਾਕਾ | 1920 | ਮੱਸਿਆ | 22 ਅਗਸਤ |

| | | | | | |
|---|---|---|---|---|---|
| ਐਤ<br>SUN | 30<br>15 ਭਾਦਰੋਂ<br>ਭਾਦਰੋਂ ਸੁਦੀ 8 | 2<br>18 ਸਾਵਣ<br>ਸਾਵਣ ਸੁਦੀ 9 | 9<br>25 ਸਾਵਣ<br>ਭਾਦਰੋਂ ਵਦੀ 2 | 16<br>1 ਭਾਦਰੋਂ<br>ਭਾਦਰੋਂ ਵਦੀ 9 | 23<br>8 ਭਾਦਰੋਂ<br>ਭਾਦਰੋਂ ਸੁਦੀ 1 |
| ਸੋਮ<br>MON | 31<br>16 ਭਾਦਰੋਂ<br>ਭਾਦਰੋਂ ਸੁਦੀ 9 | 3<br>19 ਸਾਵਣ<br>ਸਾਵਣ ਸੁਦੀ 10 | 10<br>26 ਸਾਵਣ<br>ਭਾਦਰੋਂ ਵਦੀ 3 | 17<br>2 ਭਾਦਰੋਂ<br>ਭਾਦਰੋਂ ਵਦੀ 10 | 24<br>9 ਭਾਦਰੋਂ<br>ਭਾਦਰੋਂ ਸੁਦੀ 2 |
| ਮੰਗਲ<br>TUE | ☆ | 4<br>20 ਸਾਵਣ<br>ਸਾਵਣ ਸੁਦੀ 11 | 11<br>27 ਸਾਵਣ<br>ਭਾਦਰੋਂ ਵਦੀ 4 | 18<br>3 ਭਾਦਰੋਂ<br>ਭਾਦਰੋਂ ਵਦੀ 11 | 25<br>10 ਭਾਦਰੋਂ<br>ਭਾਰਤੋਂ ਸੁਦੀ 3 |
| ਬੁਧ<br>WED | ☆ | 5<br>21 ਸਾਵਣ<br>ਸਾਵਣ ਸੁਦੀ 12 | 12<br>28 ਸਾਵਣ<br>ਭਾਦਰੋਂ ਵਦੀ 5 | 19<br>4 ਭਾਦਰੋਂ<br>ਭਾਦਰੋਂ ਵਦੀ 12 | 26<br>11 ਭਾਦਰੋਂ<br>ਭਾਦਰੋਂ ਸੁਦੀ 4 |
| ਵੀਰ<br>THU | ☆ | 6<br>22 ਸਾਵਣ<br>ਸਾਵਣ ਸੁਦੀ 13 | 13<br>29 ਸਾਵਣ<br>ਭਾਦਰੋਂ ਵਦੀ 6 | 20<br>5 ਭਾਦਰੋਂ<br>ਭਾਦਰੋਂ ਵਦੀ 13 | 27<br>12 ਭਾਦਰੋਂ<br>ਭਾਦਰੋਂ ਸੁਦੀ 5 |
| ਸ਼ੁਕਰ<br>FRI | ☆ | 7<br>23 ਸਾਵਣ<br>ਸਾਵਣ ਸੁਦੀ 14 | 14<br>30 ਸਾਵਣ<br>ਭਾਰਦੋਂ ਵਾਦੀ 7 | 21<br>6 ਭਾਦਰੋਂ<br>ਭਾਦਰੋਂ ਵਦੀ 14 | 28<br>13 ਭਾਦਰੋਂ<br>ਭਾਦਰੋਂ ਸੁਦੀ 6 |
| ਸ਼ਨੀ<br>SAT | 1<br>17 ਸਾਵਣ<br>ਸਾਵਣ ਸੁਦੀ 8 | 8<br>24 ਸਾਵਣ<br>ਪੂਰਨਮਾਸ਼ੀ | 15<br>31 ਸਾਵਣ<br>ਭਾਦਰੋ. ਵਦੀ 8 | 22<br>7 ਭਾਦਰੋਂ<br>ਮੱਸਿਆ | 29<br>14 ਭਾਦਰੋਂ<br>ਭਾਦਰੋਂ ਸੁਦੀ 7 |


**ਸਾਡਾ ਵਿਰਸਾ ਸਾਡਾ ਗੌਰਵ**

(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)
ਪਤਾ:- ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ-141002


... (... ਮਹੀਨਾ) ਆ ਗਿਆ ਹੈ। ਵਰਖਾ ਰੁੱਤ ਵਿਚ ਟੋਏ ਟਿੱਬੇ ਪਾਣੀ ਨਾਲ ਭਰੇ ਹੋਏ ਹਨ, (ਇਸ ਨਜ਼ਾਰੇ ਦਾ) ਰੰਗ ਮਾਣਿਆ ਜਾ ਸਕਦਾ ਹੈ।

(ਪਰ) ਜੇਹੜੀ ਇਸਤ੍ਰੀ ਭਰ-ਜੋਬਨ ਵਿਚ (ਜੋਬਨ ਦੇ ਮਾਣ ਦੇ) ਭੁਲੇਖੇ ਵਿਚ ਗ਼ਲਤੀ ਖਾ ਗਈ, ਉਸ ਨੂੰ (ਪਤੀ ਦੇ ਵਿਛੋੜੇ ਵਿਚ) ਪਛਤਾਣਾ ਹੀ ਪਿਆ (ਉਸ ਨੂੰ ਨੀਰ-ਭਰੇ ਥਾਂ ਚੰਗੇ ਨਾਹ ਲੱਗੇ)

ਕਾਲੀ ਰਾਤ ਨੂੰ ਮੀਂਹ ਵਰ੍ਹਦਾ ਹੈ, ਡੱਡੂ ਗੁੜੈਂ ਗੁੜੈਂ ਕਰਦੇ ਹਨ, ਮੋਰ ਕੂਹਕਦੇ ਹਨ, ਪਪੀਹਾ ਭੀ 'ਪ੍ਰਿਉ ਪ੍ਰਿਉ' ਕਰਦਾ ਹੈ, (ਪਰ ਪਤੀ ਤੋਂ ਵਿਛੁੜੀ) ਨਾਰ ਨੂੰ (ਇਸ ਸੁਹਾਵਣੇ ਰੰਗ ਤੋਂ) ਆਨੰਦ ਨਹੀਂ ਮਿਲਦਾ। ਉਸ ਨੂੰ ਤਾਂ (ਭਾਦਰੋਂ ਵਿਚ ਇਹੀ ਦਿੱਸਦਾ ਹੈ ਕਿ) ਸੱਪ ਡੰਗਦੇ ਫਿਰਦੇ ਹਨ, ਮੱਛਰ ਡੰਗ ਮਾਰਦੇ ਹਨ, ਚੁਫੇਰੇ ਛੱਪੜ-ਤਲਾਬ (ਮੀਂਹ ਦੇ ਪਾਣੀ ਨਾਲ) ਨਕਾ-ਨਕ ਭਰੇ ਹੋਏ ਹਨ (ਬਿਰਹਣੀ ਨਾਰ ਨੂੰ ਇਸ ਵਿਚ ਕੋਈ ਸੁਹਜ-ਸੁਆਦ ਨਹੀਂ ਦਿੱਸਦਾ)।

(ਇਸੇ ਤਰ੍ਹਾਂ ਜਿਸ ਜੀਵ-ਇਸਤ੍ਰੀ ਨੂੰ ਪ੍ਰਭੂ-ਪਤੀ ਤੋਂ ਇਛੋੜੇ ਦਾ ਅਹਿਸਾਸ ਹੋ ਜਾਂਦਾ ਹੈ, ਉਸ ਨੂੰ) ਪ੍ਰਭੂ ਦੀ ਯਾਦ ਤੋਂ ਬਿਨਾ (ਹੋਰ ਕਿਸੇ ਰੰਗ-ਤਮਾਸ਼ੇ ਵਿਚ) ਆਤਮਕ ਆਨੰਦ ਨਹੀਂ ਮਿਲਦਾ।

ਹੇ ਨਾਨਕ! (ਆਖ-) ਮੈਂ ਤਾਂ ਆਪਣੇ ਗੁਰੂ ਦੀ ਸਿੱਖਿਆ ਉਤੇ ਤੁਰ ਕੇ (ਉਸ ਦੇ ਦੱਸੇ ਰਾਹ ਉਤੇ) ਤੁਰਾਂਗੀ, ਜਿਥੇ ਪ੍ਰਭੂ-ਪਤੀ ਮਿਲ ਸਕਦਾ ਹੋਵੇ, ਉਥੇ ਹੀ ਜਾਵਾਂਗੀ।੧੦।

ਭਾਵ-ਗੁਰੂ ਦੇ ਦੱਸੇ ਰਸਤੇ ਉੱਤੇ ਤੁਰ ਕੇ ਜਿਸ ਮਨੁੱਖ ਦਾ ਮਨ ਪਰਮਾਤਮਾ ਦੇ ਸਿਫ਼ਤਿ ਸਾਲਾਹ ਵਿਚ ਗਿੱਝ ਜਾਂਦਾ ਹੈ, ਪਰਮਾਤਮਾ ਦੀ ਯਾਦ ਤੋਂ ਬਿਨਾ ਹੋਰ ਕਿਸੇ ਭੀ ਰੰਗ-ਤਮਾਸ਼ੇ ਵਿਚ ਉਸ ਨੂੰ ਆਤਮਕ ਆਨੰਦ ਨਹੀਂ ਮਿਲਦਾ।

ਜੇ ਤੁਹਾਨੂੰ ਅੰਮ੍ਰਿਤ ਕੀਰਤਨ ਚੰਗਾ ਲਗਦਾ ਹੈ ਤਾਂ ਇਸ ਦੇ ਹੋਰ ਮੈਂਬਰ ਬਣਾਓ, ਨਹੀ ਤਾਂ ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜੋ।

Registration No.
Chandigarh Division / 52 / 98
RNI Regd. No. 46788/89
ISSN-002045

**BOOK POST**
(Printed Matter)

To

*If undelivered please return to:*

**AMRIT KIRTAN TRUST** (Regd.)
422, Sector 15-A, Chandigarh - 160 015
Phone : 0172 - 772660

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

# ਅੰਮ੍ਰਿਤ ਕੀਰਤਨ

ਅੰਕ 8 ਸਾਲ ਦਸਵਾਂ ਅਗਸਤ 1998

ਪਰਚਾ ਨਾ ਮਿਲਣ ਦੀ ਜਾਂ ਕੋਈ ਹੋਰ ਸ਼ਿਕਾਇਤ ਹੋਵੇ ਜਾਂ ਤੁਸੀਂ ਆਪਣਾ ਪਤਾ ਬਦਲ ਲਿਆ ਹੋਵੇ ਤਾਂ ਆਪਣੇ ਚਿੱਟ ਨੰਬਰ ਦਾ ਹਵਾਲਾ ਦੇ ਕੇ ਚਿੱਠੀ ਭੇਜ ਦਿਉ। ਚਿੱਟ ਨੰਬਰ ਤੋਂ ਬਿਨਾਂ ਕੋਈ ਕਾਰਵਾਈ ਨਹੀਂ ਹੋ ਸਕੇਗੀ। ਆਪ ਜੀ ਦਾ ਚਿੱਟ ਨੰਬਰ ਇਸ ਲਿਫਾਫੇ ਉਤੇ ਆਪ ਦੇ ਨਾਮ ਤੋਂ ਪਹਿਲਾਂ ਲਿਖਿਆ ਹੋਇਆ ਹੈ।